# ਅੰਮ੍ਰਿਤ ਕੀਰਤਨ

# Amrit Kirtan



ਅਪ੍ਰੈਲ 2006

ਆਨਰੇਰੀ ਸੰਪਾਦਕ ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 4 ◆ ਸਾਲ ਅਠਾਰਵਾਂ ◆ ਅਪ੍ਰੈਲ 2006



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007

**ਚੰਦੇ ਦਾ ਵੇਰਵਾ**

- ▲ **ਦੇਸ਼:** ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
ਫੋਨ : 0172-2701396, 2713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 09814053630

e-mail : drjagirsingh@rediffmail.com
Website : www.amritkirtan.org



| | |
|---|---|
| ਮਿਤ੍ਰ ਅਸਾਡੜੇ ਸੇਈ<br>*ਪਾਠਕਾਂ ਦੇ ਪੱਤਰ* | 2 |
| ਕਰਉ ਬੇਨੰਤੀਆ<br>*ਸੰਪਾਦਕੀ* | 3 |
| ਕੋਹਿਨੂਰ ਪਾਰਖੂ ਰਾਇ ਬੁਲਾਰ ਖਾਨ ਸਾਹਿਬ<br>*ਹਰਪਾਲ ਸਿੰਘ ਪਨੂੰ* | 4 |
| ਖਾਲਸਾ ਪੰਥ ਦਾ ਆਗਾਜ਼ ਤੇ ਸੰਪੂਰਨਤਾ<br>*ਸੋਹਣ ਸਿੰਘ* | 15 |
| ਐਸਾ ਕੀਰਤਨ ਕਰ ਮਨ ਮੇਰੇ<br>*ਗੁਰਜੰਟ ਸਿੰਘ ਰਾਹੀ* | 18 |
| ਸਾਡੇ ਕੀਰਤਨੀਏ-ਸੂਬੇਦਾਰ ਜੋਗਿੰਦਰ ਸਿੰਘ ਜੀ ਸੰਗਰੂਰ ਵਾਲੇ<br>*ਭਾਈ ਅਵਤਾਰ ਸਿੰਘ 'ਹੰਸ'* | 21 |
| ਸੁਰ ਲਿਪੀ<br>*ਭਾਈ ਕਸ਼ਮੀਰ ਸਿੰਘ* | 22 |
| ਸੁਰ ਲਿਪੀ ਵਾਲੇ ਸ਼ਬਦ ਦੇ ਅਰਥ<br>*ਮਨਮੋਹਨ ਸਿੰਘ* | 23 |
| ਵਿਸ਼ਵ ਸੰਗੀਤਕਾਰ | 24 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 0172 - 4615919

# ਮਿਤ੍ਰ ਅਸਾਡੜੇ ਸੇਈ

♦ ਸ੍ਰੀ ਹਰਿਮੰਦਰ ਸਾਹਿਬ ਇਕ ਸਰਬਉੱਚ ਧਾਰਮਿਕ ਸਥਾਨ ਹੈ ਤੇ ਸਿੱਖ ਜਗਤ ਵਾਸਤੇ ਧਾਰਮਿਕ ਮਰਿਯਾਦਾਵਾਂ ਦਾ ਮਾਰਗ ਦਰਸ਼ਨ ਕਰਦਾ ਹੈ। ਇਸ ਸਰਬਉਚ ਅਸਥਾਨ ਤੋਂ ਸੇਧ ਲੈ ਕੇ ਹੀ ਬਾਕੀ ਧਾਰਮਿਕ ਅਸਥਾਨ ਮਰਿਯਾਦਾ ਦਾ ਪਾਲਣ ਕਰਦੇ ਹਨ। ਐਸਜੀਪੀਸੀ ਵਿਚ ਧਰਮ ਪ੍ਰਚਾਰ ਕਮੇਟੀ ਵੀ ਇਸ ਵਿਚ ਹਿੱਸਾ ਪਾਉਂਦੀ ਹੋਵੇਗੀ।

ਸਵੇਰੇ ਜਦੋਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਹੈ, ਤੁਸੀਂ ਵੀ ਧਿਆਨ ਦਿੱਤਾ ਹੋਵੇਗਾ ਕਿ ਸਰਦੀਆਂ ਦੇ ਮੌਸਮ ਵਿਚ ਇਕ ਰੁਮਾਲਾ ਕੰਬਲ ਦੇ ਰੂਪ ਵਿਚ ਪਾਇਆ ਜਾਂਦਾ ਹੈ ਜੋ ਕਿ ਗਰਮੀਆਂ ਵਿਚ ਨਹੀਂ ਕੀਤਾ ਜਾਂਦਾ। ਇਸ ਤਰ੍ਹਾਂ ਤੁਸੀਂ ਵੀ ਨੋਟ ਕੀਤਾ ਹੋਵੇਗਾ ਕਿ ਅਮੀਰ ਲੋਕ ਗਰਮੀਆਂ ਦੇ ਮੌਸਮ ਵਿਚ ਜਿਸ ਕਮਰੇ ਵਿਚ ਗਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਘਰ ਵਿਚ ਕੀਤਾ ਹੁੰਦਾ ਹੈ ਉਥੇ ਭਾਵੇਂ ਕੋਈ ਤਾਬਿਆ ਬੈਠਾ ਹੈ ਜਾਂ ਨਹੀਂ ਏ. ਸੀ. ਛੱਡਦੇ ਹਨ। ਜੇ ਹਰਿਮੰਦਰ ਸਾਹਿਬ ਵਿਚ ਕੰਬਲ ਦਾ ਰੁਮਾਲਾ ਪਾਇਆ ਜਾ ਸਕਦਾ ਹੈ ਤਾਂ ਤੇ ਏ. ਸੀ. ਵੀ ਚਲਾਉਣਾ ਸ਼ਾਇਦ ਵਾਜਿਬ ਹੈ। ਮੇਰੀ ਸਮਝ ਮੁਤਾਬਕ ਗੁਰੂ ਸਾਹਿਬਾਨ ਨੇ ਸਿੱਖ ਜਗਤ ਤੋਂ ਕਰਮਾਂ-ਕਾਂਡਾਂ, ਵਹਿਮਾਂ-ਭਰਮਾਂ, ਬੇਲੋੜੀਆਂ ਰੀਤਾਂ ਰਿਵਾਜ਼ਾਂ ਤੋਂ ਵਰਜਿਆ ਸੀ ਤੇ ਇਹ ਇਕ ਵੱਖਰੀ ਕੌਮ ਪੈਦਾ ਕੀਤੀ ਸੀ ਹਿੰਦੂ ਧਰਮ ਤੋਂ ਅਲੱਗ ਜਿਥੇ ਕੋਈ ਦਿਨ ਘੜੀ, ਸਮਾਂ ਜਾਂ ਵਿਅਕਤੀ ਸਭ ਬਰਾਬਰ ਤੇ ਸ਼ੁਭ ਹਨ। ਜੇ ਗੁਰੂ ਗ੍ਰੰਥ ਸਾਹਿਬ ਨੂੰ ਜਾਗਤ ਜੋਤ ਕਿਹਾ ਹੈ ਤਾਂ ਇਹ ਮਤਲਬ ਨਹੀਂ ਕਿ ਅਸੀਂ ਇਕ ਕਰਮ ਕਾਂਡ ਕੰਬਲ ਦੇ ਰੂਪ ਵਿਚ ਜਾਂ ਇਸ਼ਨਾਨ ਕਰਾਉਣ ਦੇ ਰੂਪ ਵਿਚ ਲੈ ਲਈਏ।

ਇਹ ਰੀਤ ਸਿੱਖ ਧਰਮ ਦੇ ਅਸੂਲਾਂ ਦੇ ਬਿਲਕੁਲ ਉਲਟ ਹੈ ਤੇ ਮਨ ਵਿਚ ਤੌਖਲਾ ਪੈਦਾ ਕਰਦੀ ਹੈ ਕਿ ਇਸ ਤਰ੍ਹਾਂ ਤਾਂ ਆਉਣ ਵਾਲਾ ਸਮਾਂ ਦੂਰ ਨਹੀਂ ਜਦੋਂ ਗੁਰੂ ਸਾਹਿਬਾਨ ਦੇ ਬੁੱਤ ਬਣਾ ਕੇ ਪੂਜੇ ਜਾਣਗੇ ਜਿਵੇਂ ਕਿ ਕੁਝ ਚਿਰ ਪਹਿਲਾਂ ਬਠਿੰਡੇ ਵਾਲੇ ਪਾਸੇ ਇਕ ਗੁਰਦੁਆਰੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਇਕ ਘੋੜੇ ਤੇ ਬਿਠਾ ਕੇ ਬੁੱਤ ਬਣਾਇਆ ਸੀ। ਅੱਗੇ ਹੀ ਪੰਜਾਬ ਵਿਚ ਸੰਤਾਂ ਦੇ ਡੇਰੇ ਧਰਮ ਨੂੰ ਬਹੁਤਾ ਖੋਰਾ ਲਾ ਰਹੇ ਹਨ ਤੇ ਕੋਈ ਹੀ ਸੱਚਾ ਸੰਤ ਹੋਵੇਗਾ, ਬਹੁਤੇ ਤਾਂ ਆਪਣੇ ਆਪ ਨੂੰ ਸੰਤ ਬਾਬੇ ਅਖਵਾਉਣ ਵਾਲੇ ਝੂਠ ਦੇ ਪੁਲੰਦੇ ਹੀ ਹਨ।

ਕੀ ਤੁਸੀਂ ਇਸ ਮੇਰੀ ਚਿੱਠੀ ਨੂੰ ਕਿਸੇ ਤਰ੍ਹਾਂ Openly ਲੋਕਾਂ ਵਿਚ ਪਹੁੰਚਾਉਣ ਵਿਚ ਕੋਈ ਢੁਕਵੀਂ ਮਦਦ ਕਰ ਸਕਦੇ ਹੋ ਮੈਂ ਆਪ ਦੀ ਧੰਨਵਾਦੀ ਹੋਵਾਂਗੀ। ਜੇ ਇਹ Feelings SGPC Chief ਤਾਈਂ ਪਹੁੰਚ ਜਾਣ ਤਾਂ ਸ਼ਾਇਦ ਇਸ ਤੇ ਕੋਈ ਅਮਲ ਹੋ ਸਕੇ।

*ਡਾ. ਸੁਰਿੰਦਰ ਕੌਰ*

*308, ਗਰੀਨ ਐਵੇਨਿਊ, ਅੰਮ੍ਰਿਤਸਰ*

♦ ਪ੍ਰੋ. ਪਿਆਰਾ ਸਿੰਘ ਪਦਮ ਜੀ ਦੇ ਜੀਵਨ ਅਤੇ ਰਚਨਾਵਾਂ ਪਰਿਵਾਰ ਸਬੰਧੀ ਬੜੇ ਸੁੰਦਰ ਢੰਗ ਨਾਲ ਲਿਖਿਆ ਹੈ। ਮੈਨੂੰ ਖੁਸ਼ੀ ਹੈ ਕਿ ਮੈਂ ਸਾਲ 1959 ਤੋਂ ਪਦਮ ਜੀ ਦੇ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਵਿਖੇ 1988 ਤਕ ਜ਼ਿਲ੍ਹਾ ਭਾਸ਼ਾ ਅਫਸਰ ਵਜੋਂ ਬੜੇ ਪਿਆਰ ਨਾਲ ਕੰਮ ਕੀਤਾ ਹੈ ਇਨ੍ਹਾਂ ਦੇ ਘਰ ਕਲਮ ਮੰਦਰ ਵਿਖੇ ਵੀ ਬਹੁਤ ਸੰਪਰਕ ਰਿਹਾ ਹੈ, ਇਨਾਂ ਦੀ ਕਲਮ ਮਨ ਵਿਚਾਰ ਲੇਖਣੀ ਅਰੁਕ ਵਹਿਣ ਵਾਂਗ ਸੋਚਦੀ ਅਤੇ ਲਿਖਦੀ ਹੀ ਰਹੀ। ਕੌਮ ਦੀ ਬਦਕਿਸਮਤੀ ਹੈ ਕਿ ਸਾਡੇ ਅਖੌਤੀ ਪੰਥਕ ਲੀਡਰਾਂ, ਨੂੰ ਸੂਝਵਾਨ ਵਿਦਵਾਨ, ਲੇਖਕਾਂ ਦੀ ਕੋਈ ਕਦਰ ਹੀ ਨਹੀਂ ਹੈ।

*ਸਤਨਾਮ ਸਿੰਘ ਖਾਲਸਾ*

*ਗੁਰੂ ਨਾਨਕ ਲਿਟਰੇਚਰ ਹਾਊਸ, ਛੇਹਰਟਾ ਰੋਡ, ਅੰਮਿਤਸਰ*

♦ ਹਰਿਮੰਦਰ ਸਾਹਿਬ ਵਿਚ ਤੰਤੀ ਸਾਜ਼ਾਂ ਨਾਲ ਕੀਰਤਨ ਦੇ ਦਰਸ਼ਨ ਸਰਵਨ ਕਰਕੇ ਜਿਹੜਾ ਆਤਮਿਕ ਆਨੰਦ ਮਿਲਿਆ, ਸ਼ਾਇਦ ਉਹ ਅਨਹਦ ਨਾਦ ਦਾ ਹੀ ਧਰਤ ਵਰਤਾਰਾ ਸੀ। ਅੱਖਾਂ ਮੂੰਦ ਕੇ ਕੀਰਤਨ ਸੁਣਨਾ ਜ਼ਿਆਦਾ ਆਨੰਦ ਦਾਈ ਲੱਗਿਆ। ਕਿਉਂਕਿ ਅੱਖਾਂ ਵੀ ਆਤਮਾ ਦੇ ਆਨੰਦ ਨੂੰ ਖਿਲਾਰ ਦਿੰਦੀਆਂ ਹਨ। ਪੰਜ ਛੇ ਸਾਲ ਪਹਿਲਾਂ ਹਰਿਮੰਦਰ ਸਾਹਿਬ ਵਿਚ ਅਜਿਹੇ ਰਾਗੀ ਜਥੇ ਭਰਤੀ ਕੀਤੇ ਗਏ ਜਿਹੜੇ ਸ਼ਾਸਤਰੀ ਸੰਗੀਤ ਤੇ ਗੁਰਮਤਿ ਸੰਗੀਤ ਤੋਂ ਕੋਰੇ ਸਨ। ਭਾਈ ਬਲਬੀਰ ਸਿੰਘ ਵਰਗੇ ਜਥਿਆਂ ਦਾ ਕੀਰਤਨ ਰੇਗਿਸਤਾਨ ਵਿਚ ਨਖਲਿਸਤਾਨ ਵਰਗੀ ਤ੍ਰਿਪਤੀ ਦਿੰਦਾ ਸੀ। ਉਦੋਂ ਰੌਲਾ ਤਾਂ ਬੜਾ ਪਿਆ ਸੀ ਅਤੇ ਸਿੰਘ ਬੰਧੂ ਸ੍ਰੀ ਸੁਰਿੰਦਰ ਸਿੰਘ ਜੀ ਨੇ ਹਉਕਾ ਭਰਿਆ ਸੀ। ਗੁਰਮਤਿ ਸੰਗੀਤ ਦੀਆਂ ਚਰਚਾਵਾਂ ਤੇ ਪ੍ਰਸਾਰ ਪ੍ਰਚਾਰ ਵੇਰਵਿਆਂ ਵਿਚ ਨਾਮਧਾਰੀ ਦਰਬਾਰ ਵਿਚ ਤੰਤੀ ਸਾਜ਼ਾਂ ਨਾਲ ਕੀਰਤਨ ਦੀ ਚਰਚਾ ਜ਼ਰੂਰ ਹੁੰਦੀ ਸੀ। ਡਾ. ਗੁਰਨਾਮ ਸਿੰਘ (ਡਾ. ਜਾਗੀਰ ਸਿੰਘ ਜੀ ਦੇ ਅਨੁਜ) ਦੀ ਅਗਵਾਈ ਹੇਠ ਅਰੰਭੀ ਗੁਰਮਤਿ ਸੰਗੀਤ ਦੀ ਇਹ ਅੰਮ੍ਰਿਤਧਾਰਾ ਗੁਰੂ ਕ੍ਰਿਪਾ ਨਾਲ ਪ੍ਰਵਾਹਮਾਨ ਰਹੇ ਤੇ ਸੁਧਾਸਰ ਦਾ ਨਾਮ ਸਾਰਥਕ ਕਰਦੀ ਰਹੇ, ਇਹੋ ਬੇਨਤੀ ਹੈ।

*ਕਰਤਾਰ ਸਿੰਘ ਨੀਲਧਾਰੀ*

*ਗਰੀਨ ਮਾਰਕੀਟ, ਮੱਧਿਆ ਮਾਰਗ, ਚੰਡੀਗੜ੍ਹ*

## ਕਰਉ ਬੇਨੰਤੀਆ

# ਗੁਰਮਤਿ ਸੰਗੀਤ - ਸੰਭਾਲ ਤੇ ਪ੍ਰਸਾਰ

ਪਿਛਲੇ ਦਿਨੀਂ ਇਕ ਐਤਵਾਰ ਵਾਲੇ ਦਿਨ ਮੈਂ ਨਹਾ ਧੋ ਕੇ ਬੈਠਾ ਸਾਂ ਕਿ ਦਰਵਾਜ਼ੇ ਤੇ ਘੰਟੀ ਵੱਜੀ। ਦਰਵਾਜ਼ਾ ਖੋਲ੍ਹਿਆ ਤਾਂ ਇਕ ਬਜ਼ੁਰਗ ਅੰਦਰ ਆ ਕੇ ਜੱਫੀ ਪਾ ਕੇ ਇੰਜ ਮਿਲੇ ਜਿਵੇਂ ਕਈ ਸਾਲਾਂ ਦੇ ਜਾਣੂ ਹੋਣ।
ਮੈਂ ਕਿਹਾ, "ਮੈਂ ਪਛਾਣਿਆ ਨਹੀਂ?" ਉਨ੍ਹਾਂ ਕਿਹਾ, "ਆਪਾਂ ਪਹਿਲੀ ਵਾਰ ਮਿਲ ਰਹੇ ਹਾਂ। ਪਰ ਮੈਂ ਤੁਹਾਡੇ ਕੀਰਤਨ ਦੀਆਂ ਟੇਪਾਂ ਸੁਣੀਆਂ ਹੋਈਆਂ ਹਨ।"
ਉਨ੍ਹਾਂ ਦੱਸਿਆ ਕਿ ਉਹ ਆਲ ਇੰਡੀਆ ਰੇਡੀਓ ਤੋਂ ਰਿਟਾਇਰ ਹੋਏ ਹਨ। ਉਥੇ ਉਹ ਪਹਿਲਾਂ ਰਿਕਾਰਡਿੰਗ ਇੰਜੀਨੀਅਰ ਵਜੋਂ ਅਤੇ ਫਿਰ ਡਾਇਰੈਕਟਰ ਵਜੋਂ ਕੰਮ ਕਰਦੇ ਰਹੇ ਹਨ। ਅੱਜ ਕੱਲ੍ਹ ਉਹ ਪੁਰਾਣੇ ਕੀਰਤਨੀਆਂ ਦੇ ਕੀਰਤਨ ਦੀਆਂ ਸੀਡੀਜ਼ ਬਣਾ ਕੇ ਗੁਰਮਤਿ ਸੰਗੀਤ ਦੇ ਵਿਦਿਆਰਥੀਆ ਅਤੇ ਚਾਹਵਾਨ ਕੀਰਤਨੀਆਂ ਨੂੰ ਮੁਹੱਈਆ ਕਰਵਾ ਰਹੇ ਹਨ ਤਾਂ ਜੋ ਪੁਰਾਤਨ ਕੀਰਤਨ ਸ਼ੈਲੀ ਨੂੰ ਬਰਕਰਾਰ ਰੱਖਿਆ ਜਾ ਸਕੇ। ਉਹ ਮੇਰੇ ਤੋਂ ਇਸ ਕਾਰਜ ਸਬੰਧੀ ਸਮਾਂ ਲੈਣਾ ਚਾਹੁੰਦੇ ਸਨ। ਮੈਂ ਸਮਾਂ ਨਾ ਹੋਣ ਬਾਰੇ ਦਸਿਆ ਤਾਂ ਕਹਿਣ ਲੱਗੇ:
ਸਾਡੇ ਕੋਲ ਸਮਾਂ ਨਾ ਹੋਣ ਦਾ ਕਾਰਨ ਹੈ ਕਿ ਅਸੀਂ ਆਪਣਾ ਅੰਮ੍ਰਿਤ ਵੇਲਾ ਸੰਭਾਲਣਾ ਛੱਡ ਦਿੱਤਾ ਹੈ। ਜਦੋਂ ਅੰਗਰੇਜ਼ਾਂ ਨੇ ਪੰਜਾਬ ਉਤੇ ਜਿੱਤ ਪ੍ਰਾਪਤ ਕੀਤੀ ਤਾਂ ਉਦੋਂ ਦੇ ਅੰਗਰੇਜ਼ ਮੁਖੀ ਨੇ ਇੰਗਲੈਂਡ ਰਿਪੋਰਟ ਭੇਜਦਿਆਂ ਲਿਖਿਆ ਸੀ ਕਿ ਅਸੀਂ ਪੰਜਾਬ ਨੂੰ ਜਿੱਤ ਤਾਂ ਲਿਆ ਹੈ ਪਰ ਸਿੱਖਾਂ ਨੂੰ ਅਧੀਨ ਰੱਖਣਾ ਮੁਸ਼ਕਿਲ ਹੈ। ਸਿੱਖਾਂ ਦੇ ਗੁਣਾਂ ਵਿਚੋਂ ਉਸਨੇ ਮੁੱਖ ਗੁਣ ਇਹ ਦਸਿਆ ਕਿ ਉਹ ਸਵੇਰੇ ਜਾਗ ਪੈਂਦੇ ਹਨ ਭਾਵ ਇਨ੍ਹਾਂ ਦਾ ਦਿਨ ਅੰਗਰੇਜ਼ਾਂ ਦੇ ਦਿਨ ਤੋਂ ਤਿੰਨ ਘੰਟੇ ਪਹਿਲਾਂ ਸ਼ੁਰੂ ਹੋ ਜਾਂਦਾ ਹੈ ਅਤੇ ਇਸ ਤਰ੍ਹਾਂ ਇਹ ਤਿੰਨ ਘੰਟੇ ਵਧੇਰੇ ਕੰਮ ਕਰਦੇ ਹਨ। ਕਹਿੰਦੇ ਹਨ ਅੰਗਰੇਜ਼ ਹਾਕਮਾਂ ਨੇ ਇਹ ਹਦਾਇਤਾਂ ਦਿੱਤੀਆਂ ਕਿ ਇਨ੍ਹਾਂ ਦੀ ਜੀਵਨ ਸ਼ੈਲੀ ਬਦਲਣ ਦੇ ਯਤਨ ਅਰੰਭ ਕਰੋ। ਧੂਪੀਆ ਸਾਹਿਬ ਦਾ ਕਹਿਣਾ ਸੀ ਕਿ ਅਸੀਂ ਅੰਮ੍ਰਿਤ ਵੇਲਾ ਛੱਡ ਕੇ ਆਪਣੇ ਦੋਖੀਆਂ ਦੀ ਸਾਜਿਸ਼ ਦਾ ਸ਼ਿਕਾਰ ਹੋ ਰਹੇ ਹਾਂ।
ਮੇਰੇ ਕੋਲ ਇਸ ਗੱਲ ਦੀ ਸੱਚਾਈ ਨੂੰ ਸਵੀਕਾਰਨ ਜਾਂ ਨਕਾਰਨ ਦਾ ਕੋਈ ਪ੍ਰਮਾਣ ਨਹੀਂ ਸੀ। ਪਰ ਅੰਮ੍ਰਿਤ ਵੇਲੇ ਜਾਗਣ ਦੀ ਮਹੱਤਤਾ ਤੋਂ ਮੁਨਕਰ ਨਹੀਂ ਸੀ ਹੋਇਆ ਜਾ ਸਕਦਾ ਅਤੇ ਮੈਂ ਉਨ੍ਹਾਂ ਦੀ ਗੱਲ ਸਿਰ ਮੱਥੇ ਮੰਨੀ। ਹੋਰ ਸਵੇਰੇ ਉਠ ਕੇ ਉਹ ਵੇਲਾ ਗੁਰੂ ਲੇਖੇ ਲਾਉਣ ਦਾ ਯਤਨ ਕਰਨ ਲੱਗਾ।
ਧੂਪੀਆ ਸਾਹਿਬ ਰਿਕਾਰਡਿੰਗ ਕਰ ਰਹੇ ਹਨ ਅਤੇ ਲੋੜਵੰਦਾਂ ਨੂੰ ਮੁਫਤ ਪੁਚਾ ਰਹੇ ਹਨ। ਇਕ ਦਿਨ ਭਾਈ ਸੰਤਾ ਸਿੰਘ ਜੀ ਦੀ ਰਿਕਾਰਡਿੰਗ ਕਰਦਿਆਂ ਗੱਲ ਸੁਣਾਉਣ ਲੱਗੇ, "ਪੰਜਾਬ ਨੂੰ ਜਿੱਤਣ ਤੋਂ ਬਾਅਦ ਜਦੋਂ ਅੰਗਰੇਜ਼ਾਂ ਨੂੰ ਪਤਾ ਲੱਗਾ ਕਿ ਸਿੱਖਾਂ ਦਾ ਪ੍ਰੇਰਨਾ ਸਰੋਤ ਗੁਰਬਾਣੀ ਕੀਰਤਨ ਹੈ ਤਾਂ ਉਨ੍ਹਾਂ ਨੇ ਬਹੁਤ ਸਾਰੇ ਸਿੱਖ ਰਾਗੀਆਂ ਨੂੰ ਖਤਮ ਕਰ ਦਿੱਤਾ ਅਤੇ ਮੁਸਲਮਾਨ ਰਬਾਬੀਆਂ ਨੂੰ ਕੀਰਤਨ ਕਰਨ ਲਈ ਉਤਸ਼ਾਹਿਤ ਕੀਤਾ। ਪਰ ਜਦੋਂ ਸੰਸਾਰ ਜੰਗ ਵੇਲੇ ਫੌਜ ਵਿਚ ਭਰਤੀ ਕਰਨ ਦੀ ਗੱਲ ਚੱਲੀ ਤਾਂ ਸਿੱਖਾਂ ਨੇ ਫੌਜ ਵਿਚ ਭਰਤੀ ਹੋਣ ਲਈ ਉਤਸ਼ਾਹ ਨਾ ਵਿਖਾਇਆ। ਸਿੱਖਾਂ ਦੀ ਗੁੱਡਵਿਲ ਪ੍ਰਾਪਤ ਕਰਨ ਲਈ ਸਿੱਖ ਰਾਗੀਆਂ ਨੂੰ ਉਤਸ਼ਾਹਿਤ ਕਰਨਾ ਸ਼ੁਰੂ ਕੀਤਾ। ਉਨ੍ਹਾਂ ਦਿਨਾਂ ਵਿਚ ਰੇਡੀਓ ਉਤੇ ਸਿੱਖ ਰਾਗੀਆਂ ਦੇ ਕੀਰਤਨ ਕਰਨ ਅਤੇ ਰਿਕਾਰਡਿੰਗ ਕੰਪਨੀਆਂ ਤੋਂ ਉਨ੍ਹਾਂ ਦੇ ਰਿਕਾਰਡ ਬਣਾਉਣ ਦੀ ਮੁਹਿੰਮ ਸ਼ੁਰੂ ਹੋਈ। ਇਸ ਸਮੇਂ ਭਾਈ ਸੰਤਾ ਸਿੰਘ ਜੀ ਦੇ ਕਾਫੀ ਸ਼ਬਦ ਰਿਕਾਰਡ ਕੀਤੇ ਗਏ।" ਇਸ ਦੇ ਨਾਲ ਨਾਲ ਧੂਪੀਆ ਜੀ ਨੇ ਭਾਈ ਸੰਤਾ ਸਿੰਘ ਜੀ ਦੇ ਲਾਹੌਰ ਸਟੂਡੀਓ ਵਿਚ ਰਿਕਾਰਡ ਕੀਤੇ ਸ਼ਬਦਾਂ ਦੀ ਰਿਕਾਰਡਿੰਗ ਵੀ ਸੁਣਾਈ।
ਧੂਪੀਆ ਜੀ ਇਕ ਨੇਕ ਕੰਮ ਕਰ ਰਹੇ ਹਨ। ਉਨ੍ਹਾਂ ਦੇ ਮਨ ਵਿਚ ਪੁਰਾਤਨ ਕੀਰਤਨ ਸ਼ੈਲੀ ਨੂੰ ਘਰ ਘਰ ਪਹੁਚਾਉਣ ਦਾ ਜਜ਼ਬਾ ਹੈ। ਚਾਹਵਾਨ ਸੱਜਣ ਉਨ੍ਹਾਂ ਨਾਲ ਹੇਠ ਲਿਖੇ ਐਡਰੈਸ ਤੇ ਸੰਪਰਕ ਕਰ ਸਕਦੇ ਹਨ:

ਸ. ਹਰਕਿਸ਼ਨ ਸਿੰਘ ਧੂਪੀਆ,
ਡਾਇਰੈਕਟਰ, ਆਲ ਇੰਡੀਆ ਰੇਡੀਓ (ਰਿਟਾਇਰਡ)
ਫੋਨ: 0172-2225064 ਮੋਬਾਈਲ 94172-04064

# ਕੋਹਿਨੂਰ ਦਾ ਪਾਰਖੂ ਰਾਇ ਬੁਲਾਰ ਖਾਨ ਸਾਹਿਬ

## ਹਰਪਾਲ ਸਿੰਘ ਪਨੂੰ

ਜਨਮ-ਸਾਖੀਆਂ ਬਾਰੇ ਸੁਣਨ ਨੂੰ ਮਿਲਦਾ ਹੈ ਕਿ ਇਨ੍ਹਾਂ ਵਿਚ ਪੌਰਾਣਿਕ ਤੱਤ ਵਧੀਕ ਹਨ, ਕਿ ਇਹ ਇਤਿਹਾਸ ਤੋਂ ਦੂਰ ਹਨ, ਕਿ ਕੁਝ ਸਾਖੀਆਂ ਗੁਰਬਾਣੀ ਦੇ ਆਸ਼ੇ ਨਾਲ ਮੇਲ ਨਹੀਂ ਖਾਂਦੀਆਂ। ਇਹ ਸਾਰੀਆਂ ਗੱਲਾਂ ਸਹੀ ਹਨ ਤੇ ਸਹੀ ਹੋਣ ਦੇ ਬਾਵਜੂਦ ਸਾਖੀਆਂ ਨਿਰਾਦਰ ਕਰਨ ਯੋਗ ਸਾਹਿਤ ਨਹੀਂ ਹਨ। ਭਾਰਤ ਦੇ ਪੌਰਾਣ-ਸਾਹਿਤ ਵਿਚ ਮਿਥਿਹਾਸ ਹੀ ਮਿਥਿਹਾਸ ਹੈ ਪਰ ਪੌਰਾਣ-ਗ੍ਰੰਥਾਂ ਵਿਚ ਨੈਤਿਕ, ਦਾਰਸ਼ਨਿਕ ਅਤੇ ਧਰਮ ਦੇ ਸੁਹਜਭਾਵੀ ਮੁੱਲਵਾਨ ਤੱਤ ਵੀ ਮੌਜੂਦ ਹਨ। ਜੋ ਸਹੀ ਲੱਗੇ ਜਿੰਨਾਂ ਸਹੀ ਲੱਗੇ, ਜਿੰਨਾਂ ਕੁ ਕਲਿਆਣਕਾਰੀ ਹੋਵੇ ਰੱਖੋ, ਬਾਕੀ ਛੱਡ ਦਿਉ। ਸਾਹਿਤ ਰਚਨਾ ਕਰਦਿਆਂ ਮਹਾਂਰਿਸ਼ੀ ਦੱਸ ਗਏ ਹਨ, "ਜਦੋਂ ਤੁਸੀਂ ਕਣਕ ਖਾਂਦੇ ਹੋ, ਕਣਕ ਨਾਲ ਉਸ ਦੀ ਤੂੜੀ ਨਹੀਂ ਖਾਂਦੇ। ਜਦੋਂ ਤੁਸੀਂ ਤੂੜੀ ਸੁਟਦੇ ਹੋ ਤਾਂ ਤੂੜੀ ਨਾਲ ਉਸ ਦੀ ਕਣਕ ਨਹੀਂ ਸੁਟਦੇ ।" ਮਨੁੱਖ ਵਿਚ ਦੇਵਤਾ ਹੈ, ਦਾਨਵ ਹੈ ਤੇ ਪਸ਼ੂ ਹੈ। ਪਸ਼ੂ ਤੂੜੀ ਖਾਏਗਾ, ਮਨੁੱਖ ਲਈ ਕਣਕ ਉਪਯੋਗੀ ਹੈ ਤੇ ਦੇਵਤੇ ਲਈ ਰੂਹਾਨੀਅਤ। ਅਭਿਲਾਖੀ ਆਪਣੀ-ਆਪਣੀ ਖੁਰਾਕ ਕਲਾਸਕੀ ਸਾਹਿਤ ਵਿਚੋਂ ਵਿਤ ਅਤੇ ਲੋੜ ਅਨੁਸਾਰ ਪ੍ਰਾਪਤ ਕਰਨਗੇ।

ਬਾਕੀ ਸੰਸਾਰ ਜਿਸ ਤੋਂ ਵੰਚਿਤ ਸੀ, ਬੇਬੇ ਨਾਨਕੀ ਜੀ, ਭਾਈ ਮਰਦਾਨਾ ਜੀ ਅਤੇ ਰਾਇ ਬੁਲਾਰ ਖ਼ਾਨ ਸਾਹਿਬ ਨੂੰ ਰੱਬ ਨੇ ਉਹ ਨਜ਼ਰ ਦਿੱਤੀ। ਅਸੀਂ ਭਾਈ ਲਹਿਣਾ ਜੀ ਦਾ ਨਾਮ ਜਾਣ ਕੇ ਨਹੀਂ ਲਿਆ ਕਿਉਂਕਿ ਇਸ ਸੰਖੇਪ ਨਿਬੰਧ ਵਿਚ ਗੁਰੂ ਜੀ ਦੀ ਨਹੀਂ, ਸਿੱਖ ਦੀ ਤਸਵੀਰ ਦੇਖਣ ਦਾ ਯਤਨ ਕਰਾਂਗੇ। ਗੁਰੂ ਬਾਬਾ ਜੀ ਦੇ ਬਚਪਨ ਦੀ ਸਾਦਗੀ ਅਤੇ ਮਾਸੂਮੀਅਤ ਵਿਚੋਂ ਅਨੰਤ ਰੂਹਾਨੀਅਤ ਦਾ ਸੂਰਜ ਉਦੈ ਹੁੰਦਿਆਂ ਇਨ੍ਹਾਂ ਤਿੰਨ ਸਿੱਖਾਂ ਨੇ ਪ੍ਰਤੱਖ ਦੇਖਿਆ। ਬੇਬੇ ਨਾਨਕੀ ਬਾਬਾ ਜੀ ਤੋਂ ਚਾਰ ਸਾਲ ਵੱਡੇ ਸਨ, ਭਾਈ ਮਰਦਾਨਾ ਜੀ ਦਸ ਸਾਲ ਅਤੇ ਰਾਇ ਬੁਲਾਰ ਸਾਹਿਬ ਪੱਚੀ ਸਾਲ ਦੇ ਕਰੀਬ ਵੱਡੇ ਸਨ। ਤਿੰਨੇ ਗੁਰੂ ਬਾਬੇ ਦੀ ਸ਼ਖਸੀਅਤ ਉਪਰ ਫ਼ਿਦਾ ਸਨ। ਸਾਖੀ ਦੱਸਦੀ ਹੈ ਕਿ ਬਾਬਾ ਜੀ ਧੁਰ ਦਿਲ ਦੀਆਂ ਡੂੰਘਾਣਾਂ ਵਿਚੋਂ ਇਨ੍ਹਾਂ ਨੂੰ ਪਿਆਰ ਕਰਦੇ ਸਨ। ਬਿਖੜੇ ਪੰਧ ਵਿਚ ਭਾਈ ਮਰਦਾਨਾ ਜਦੋਂ ਕਿਸੇ ਲੋੜੀਂਦੀ ਵਸਤੂ ਦੀ ਮੰਗ ਕਰਦੇ ਤਾਂ ਮਹਾਰਾਜ ਨਾਰਾਜ਼ ਨਹੀਂ ਹੁੰਦੇ ਸਨ। ਇੱਛਾ ਪੂਰੀ ਕਰਨ ਵੇਲੇ ਆਖਦੇ, "ਭਾਈ ਤੇਰਾ ਆਖਾ ਅਸਾਥੋਂ ਫੇਰਿਆ (ਮੋੜਿਆ) ਨਹੀਂ ਜਾਂਦਾ। ਤੇਰੇ ਤਾਈਂ ਅਸਾਂ ਨੂੰ ਵੱਡਾ ਕੰਮ ਹੈ।"

ਸਫ਼ਰ ਦੌਰਾਨ ਤੇਜ਼ੀ ਨਾਲ ਅੱਗੇ ਵਧਦੇ ਜਾਂਦੇ ਅਚਾਨਕ ਆਖ ਦਿੰਦੇ, "ਚਲੋ ਭਾਈ ਵਾਪਸ ਸੁਲਤਾਨਪੁਰ ਚੱਲੀਏ।" ਭਾਈ ਮਰਦਾਨਾ ਪੁੱਛਦੇ, "ਬ਼ਾਬਾ ਜੀ ਕੱਲ੍ਹ ਤਾਂ ਆਖਦੇ ਸੀ ਹੋਰ ਅੱਗੇ ਜਾਣਾ ਹੈ।" ਬਾਬਾ ਜੀ ਆਖਦੇ "ਨਾਂਹ ਭਾਈ। ਸੁਲਤਾਨਪੁਰ ਚੱਲੀਏ । ਬੇਬੇ ਨਾਨਕੀ ਹੁਣ ਧੀਰ ਨਹੀਂ ਧਰਦੀ। ਉਹ ਤਾਂ ਬੈਰਾਗਣਿ ਹੋਇ ਗਈ ਹੈ। ਉਹ ਅਸਾਂ ਦੀ ਭੈਣ ਆਹੀ। ਜੁੱਗਾਂ ਦੀ ਭੈਣ ਆਹੀ। ਅਸਾਡਾ ਮੇਲ ਹੁੰਦਾ ਆਇਆ ਹੈ। ਜੁੱਗਾਂ ਤੋਂ ਹੁੰਦਾ ਆਇਆ ਹੈ। ਸੁਲਤਾਨਪੁਰ ਚੱਲੀਏ।"

ਇਨ੍ਹਾਂ ਸੁਰਾਂ ਵਿਚ ਰਾਇ ਬੁਲਾਰ ਸਾਹਿਬ ਨੂੰ ਯਾਤਰਾ ਦੌਰਾਨ ਯਾਦ ਕਰਦਿਆਂ ਆਖਦੇ, "ਭਾਈ ਜੀ ਤਲਵੰਡੀ ਚੱਲੀਏ। ਰਾਇ ਜੀ ਦੀ ਮੁਹੱਬਤ ਦਾ ਭਾਰ ਅਸਾਂ ਦੇ ਮੋਢਿਆਂ ਉਪਰ ਅਧਿਕ ਵਧ ਗਿਆ ਹੈ। ਅਗੈ ਤੁਰਿਆ ਨਹੀਂ ਜਾਂਵਦਾ ਹੋਰ। ਤਲਵੰਡੀ ਚੱਲ੍ਹ।"

ਵੇਈਂ ਨਦੀ ਵਿਚ ਪ੍ਰਵੇਸ਼ ਦੀ ਸਾਖੀ ਸਭ ਨੇ ਸੁਣੀ ਹੈ। ਸੁਲਤਾਨਪੁਰ ਦਾ ਨਵਾਬ ਦੌਲਤ ਖਾਨ ਉਦਾਸ ਹੋਇਆ। ਗੋਤਾਖੋਰ ਮੰਗਵਾਏ। ਜਾਲ ਸੁਟੇ। ਦਰਿਆ ਹੂੰਝ ਦਿਤਾ, "ਬਾਬਾ ਨਹੀਂ ਮਿਲਦਾ, ਕਿਤੋਂ ਕਲਬੂਤ ਤਾਂ ਮਿਲੇ।" ਗ਼ਮਗੀਨ ਭਾਈ ਜੈਰਾਮ ਦੀ ਬਾਂਹ ਫੜ ਕੇ ਨਵਾਬ ਨੇ ਕਿਹਾ, "ਨਾਨਕ ਭਲਾ

ਵਜ਼ੀਰ ਥਾ। ਪਰ ਖੁਦਾ ਅਗੈ ਕਿਸ ਦਾ ਜੋਰ।'' ਔਰਤ ਮਰਦ ਧਰਵਾਸ ਦੇਣ ਬੇਬੇ ਨਾਨਕੀ ਜੀ ਪਾਸ ਗਏ ਤਾਂ ਬੇਬੇ ਨੇ ਕਿਹਾ, ''ਹੌਸਲਾ ਰੱਖੋ। ਉਹ ਡੁੱਬ ਨਹੀਂ ਸਕਦਾ। ਜਿਸ ਦੀ ਬਦੌਲਤ ਸੰਸਾਰ ਨੇ ਤਰਨਾ ਹੈ, ਉਹ ਹਰਗਿਜ਼ ਨਹੀਂ ਡੁੱਬਿਆ। ਧੀਰਜ ਤੋਂ ਕੰਮ ਲਵੋ।''

ਵਸਤਰਾਂ ਨਜ਼ਦੀਕ ਨੀਵੀਂ ਪਾਈ ਬੈਠੇ ਮਰਦਾਨਾ ਜੀ ਨੂੰ ਨਗਰ ਵਾਸੀਆਂ ਨੇ ਕਿਹਾ, ''ਸਬਰ ਕਰੋ ਭਾਈ। ਘਰ ਚੱਲੋ।'' ਭਾਈ ਜੀ ਬੋਲੇ, ''ਬਾਬੇ ਕਹਿਆ ਇਥੈ ਬੈਠ। ਮੈਂ ਆਇਆ। ਕਿਉਂ ਜਾਵਾਂ ਇਥੋਂ ? ਵਸਤਰਾਂ ਪਾਸ ਬਿਠਾ ਕੇ ਗਏ ਹਨ ਖ਼ੁਦ। ਆਉਣਗੇ ਮਹਾਰਾਜ। ਤੁਸੀ ਚੱਲੋ।'' ਤਿੰਨ ਦਿਨ ਬਾਬਾ ਜੀ ਦੇ ਵਾਪਸ ਆਉਣ ਤੱਕ ਉਹ ਵੇਈਂ ਨਦੀ ਦੇ ਕਿਨਾਰੇ ਭਰੋਸੇ ਨਾਲ ਬੈਠੇ ਰਹੇ

'ਸਾਖੀ' ਸ਼ਬਦ ਦਾ ਅਰਥ ਕਹਾਣੀ ਨਹੀਂ। ਉਸ ਘਟਨਾ ਨੂੰ ਸਾਖੀ ਆਖਦੇ ਹਾਂ, ਜੋ ਵਾਪਰੀ ਹੋਵੇ ਤੇ ਵਾਪਰਦਿਆਂ ਕਿਸੇ ਨੇ ਅੱਖੀਂ ਦੇਖੀ ਹੋਵੇ। ਅਸੀਂ ਆਮ ਆਖਦੇ ਹਾਂ- ਰੱਬ ਸਾਖੀ ਹੈ। ਸਾਖਿਆਤ ਮਾਇਨੇ ਪਰਤੱਖ, ਪਰਗਟ। ਗੁਰੂ ਜੀ ਦੇ ਵਰਤਾਰੇ ਨੂੰ ਜਿਨ੍ਹਾਂ ਮੁਰੀਦਾਂ ਨੇ ਅੱਖੀਂ ਦੇਖਿਆ, ਸਿਖ ਸਾਹਿਤ ਉਨ੍ਹਾਂ ਦੇ ਬਿਆਨ ਨੂੰ ਜਨਮ ਸਾਖੀਆਂ ਆਖਦਾ ਹੈ। ਅੱਜ ਰਾਇ ਬੁਲਾਰ ਜੀ ਦੀ ਸਾਖੀ ਦਾ ਪਾਠ ਕਰੀਏ। ਪੁਰਾਤਨ ਜਨਮ ਸਾਖੀ, ਭਾਈ ਮਿਹਰਬਾਨ ਵਾਲੀ ਜਨਮ ਸਾਖੀ ਤੇ ਭਾਈ ਬਾਲੇ ਵਾਲੀ ਜਨਮ ਸਾਖੀ ਵਿਚੋਂ ਘਟਨਾਵਾਂ ਚੁਣੀਆਂ ਹਨ। ਭਾਈ ਮਨੀ ਸਿੰਘ ਵਾਲੀ ਜਨਮ ਸਾਖੀ ਰਾਇ ਜੀ ਬਾਬਤ ਵਧੀਕ ਨਹੀਂ ਦਸਦੀ। ਸਮੱਗਰੀ ਦੀ ਥਾਂ ਅਸੀਂ ਭਾਵਨਾ ਉਪਰ ਕਲਮ ਕੇਂਦਰਿਤ ਕੀਤੀ ਹੈ। ਭਾਵਨਾ ਦਾ ਦਰਜਾ ਉੱਤਮ ਹੈ ਤੇ ਸਮੱਗਰੀ ਦਾ ਦੋਮ। ਸਾਹਮਣੇ ਅੱਵਲ ਭੋਜਨ ਪਿਆ ਹਵੇ ਤਾਂ ਦੋਮ ਵਲ ਦੇਖਣ ਦੀ ਕੀ ਲੋੜ।

ਰਾਇ ਸਾਹਿਬ ਨੇ ਬਾਬਾ ਜੀ ਦਾ ਬਚਪਨ ਦੇਖਿਆ। ਭਲੀ ਸੂਰਤ ਅਤੇ ਮਿੱਠੇ ਸੁਭਾਅ ਦੀ ਮਹਿਕ ਚੁਪਾਸੇ ਵਿਚ ਘੁਲ-ਮਿਲ ਰਹੀ ਨਿਹਾਰਦੇ ਰਹੇ ਪਰ ਇਸ ਬੱਚੇ ਵਿਚ ਗ਼ੈਬੀ ਗੁਣ ਹਨ, ਇਸ ਦੀ ਪਹਿਲੀ ਝਲਕ ਉਦੋਂ ਦਿਸੀ ਜਦੋਂ ਪਿਤਾ ਨੇ ਇਹ ਦੇਖ ਕੇ ਕਿ ਪੜ੍ਹਨ ਵਿਚ ਰੁਚੀ ਨਹੀਂ, ਪਸ਼ੂ ਚਾਰਨ ਭੇਜ ਦਿਤੇ। ਬਾਬੇ ਸੌਂ ਗਏ ਤੇ ਮੱਝਾਂ ਨੇ ਖੇਤ ਉਜਾੜ ਦਿੱਤਾ। ਕਿਸਾਨ ਨੇ ਪਿਤਾ ਨੂੰ ਉਲਾਂਭਾ ਦਿੱਤਾ ਅਤੇ ਰਾਇ ਸਾਹਿਬ ਕੋਲ ਜਾ ਕੇ ਹਰਜਾਨੇ ਦੀ ਮੰਗ ਕੀਤੀ। ਬਾਬਾ ਜੀ ਨੂੰ ਬੁਲਾ ਕੇ ਪੁੱਛਿਆ ਤਾਂ ਉਨ੍ਹਾਂ ਕਿਹਾ- ਕੋਈ ਖੇਤ ਨਹੀਂ ਉਜਾੜਿਆ। ਕਿਸਾਨ ਐਵੇਂ ਰੌਲਾ ਪਾਉਂਦਾ ਹੈ। ਹਰਜਾਨਾ ਨਿਸ਼ਚਤ ਕਰਨ ਲਈ ਰਾਇ ਜੀ ਨੇ ਕਿਸਾਨ ਨਾਲ ਬੰਦੇ ਭੇਜੇ। ਜਾ ਕੇ ਦੇਖਿਆ, ਖੇਤ ਹਰਾ-ਭਰਾ ਸੀ। ਰਾਇ ਨੇ ਕਿਸਾਨ ਨੂੰ ਝਿੜਕਿਆ। ਉਹ ਆਖੇ- ਜੀ ਉਜਾੜਿਆ ਸੀ। ਮੈਂ ਝੂਠ ਨਹੀਂ ਮਾਰਿਆ। ਰਾਇ ਸਾਹਿਬ ਨੇ ਬਾਲਕ ਨੂੰ ਪਿਆਰ ਦਿੱਤਾ ਤੇ ਕਿਸਾਨ ਨੂੰ ਚਲੇ ਜਾਣ ਲਈ ਕਿਹਾ। ਉਨ੍ਹਾਂ ਨੂੰ ਅਚੰਭਾ ਉਦੋਂ ਹੋਇਆ ਜਦੋਂ ਇਕ ਦਿਨ ਸ਼ਿਕਾਰ ਤੋਂ ਵਾਪਸੀ ਵੇਲੇ ਖੁਦ ਦੇਖਿਆ ਕਿ ਬਾਕੀ ਰੁੱਖਾਂ ਦੀਆਂ ਛਾਵਾਂ ਪਰੇ ਸਰਕ ਗਈਆਂ ਹਨ ਪਰ ਇਸ ਸੁੱਤੇ ਬਾਲਕ ਉਪੱਰ ਛਾਂ ਜਿਉਂ ਦੀ ਤਿਉਂ ਖਲੋਤੀ ਹੈ। ਉਨ੍ਹਾਂ ਦੇ ਦਿਮਾਗ ਵਿਚ ਖੇਤ ਉਜੜਨ ਦੀ ਘਟਨਾਂ ਵੀ ਘੁੰਮ ਗਈ......ਕਿਸਾਨ ਨੇ ਝੂਠ ਨਹੀਂ ਮਾਰਿਆ ਸੀ......ਉਜੜਿਆ ਖੇਤ ਦੁਬਾਰਾ ਹਰਾ ਹੋਇਆ ਹੈ। ਸਾਥੀਆਂ ਨੂੰ ਕਿਹਾ- ਯਾਰੋ ਖੇਤ ਉਜਾੜਨ ਵਾਲੀ ਗੱਲ ਭੀ ਡਿੱਠੀ ਹੈ, ਅਰ ਏਹੁ ਭੀ ਦੇਖਹੁ।ਏਹ ਖਾਲੀ ਨਹੀਂ। ਵਾਪਸ ਹਵੇਲੀ ਵਿਚ ਆ ਕੇ ਮਹਿਤਾ ਜੀ ਨੂੰ ਬੁਲਾ ਕੇ ਕਿਹਾ,''ਮਤੁ ਇਸ ਪੁਤਰ ਨੋ ਫਿਟਕਾਰ ਦੇਂਦਾ ਹੋਵੇਂ। ਇਹ ਮਹਾਂਪੁਰਖ ਹੈ। ਇਸ ਦਾ ਸਦਕਾ ਮੇਰਾ ਸਹਿਰ ਵਸਦਾ ਹੈ। ਤੂੰ ਨਿਹਾਲ ਹੋਆ। ਮੈਂ ਭੀ ਨਿਹਾਲ ਹਾਂ ਜਿਸ ਦੇ ਸਹਰ ਵਿਚ ਇਹ ਪੈਦਾ ਹੋਆ।'' ਪਿਤਾ ਨੇ ਕਿਹਾ- ਜੀ ਖੁਦਾਇ ਦੀਆਂ ਖੁਦਾਇ ਜਾਣੈ।

ਮੁਰੱਬਿਆਂ ਦਾ ਦੌਰਾ ਕਰਨ ਲਈ ਇਕ ਦਿਨ ਰਾਇ ਬੁਲਾਰ ਸਾਹਿਬ ਹਵੇਲੀਉਂ ਨਿਕਲੇ। ਬਾਬਾ ਮੱਝਾਂ ਚਾਰ ਰਿਹਾ ਸੀ। ਰਾਇ ਨੇ ਘੋੜਾ ਨੌਕਰ ਨੂੰ ਫੜਾਇਆ, ਜੋੜੇ ਉਤਾਰੇ ਅਤੇ ਨਜ਼ਦੀਕ ਜਾ ਕੇ ਬਾਬਾ ਜੀ ਨੂੰ ਸਲਾਮ ਅਰਜ਼ ਕੀਤੀ, ਹੱਥ ਜੋੜ ਕੇ ਬੁਲੇ , ''ਬਾਬਾ ਮੇਰੀ ਮੁਰਾਦ ਪੂਰੀ ਕਰ। ਮੈਂ ਜਾਣਦਾ ਹਾਂ ਵਡਿਆਈ ਖੁਦਾਇ ਨੇ ਤੁਧਨੋ ਦਿਤੀ ਆਹਾ।'' ਬਾਬੇ ਨੇ ਕਿਹਾ,''ਰਾਇ ਜੀ, ਕੀ ਘਾਟ ਹੈ। ਤੇਰੀ

ਜਿ ਮਨਸਾ ਹੈ ਸਿ ਤੂੰ ਮੰਗ।'' ਰਾਇ ਸਾਹਿਬ ਬੋਲੇ, ''ਤੂੰ ਜਾਣੀ ਜਾਣ ਹੈਂ ਬਾਬਾ। ਦੀਨ ਅਰੁ ਦੁਨੀਆਂ ਦਾ ਮਾਲਕ। ਮੁਰਾਦ ਪੂਰੀ ਕਰ।'' ਇਹ ਆਖ ਰਾਇ ਨੇ ਬਾਬਾ ਜੀ ਦੇ ਚਰਨ ਛੁਹੇ। ਬਾਬਾ ਜੀ ਨੇ ਅਸੀਸ ਦੇਂਦਿਆਂ ਕਿਹਾ, ''ਮੁਰਾਦ ਪੂਰੀ ਹੋਈ। ਖੁਦਾਇ ਤੇਰੀ ਸਰਮ ਦੀਨ ਮਹਿ ਭੀ ਰਖੈਗਾ ਅਰ ਦੁਨੀਆਂ ਮਹਿ ਭੀ। ਹੁਣ ਜਾਹ।ਤੇਰਾ ਮਕਸਦ ਪੂਰਾ ਹੋਆ।'' ਰਾਇ ਬੁਲਾਰ ਕੁਰਨਸ (ਸਲਾਮ, ਨਮਸਕਾਰ) ਕਰਿ ਵਿਦਾ ਹੋਆ। ਅਗੈ ਦੂਰ ਜਾਇ ਕਰਿ ਕੁਨਸਿ ਲਗਾ ਕਰਣੇ। ਚਲੈ। ਚਲਿ ਕਰਿ ਕੁਨਸਿ ਕਰੈ। ਪੈਦਲ ਘਰ ਆਇਆ। ਇਹ ਬੋਲ ਮਿਹਰਬਾਨ ਵਾਲੀ ਸਾਖੀ ਦੇ ਹਨ। ਰਾਇ ਨੇ ਕੀ ਮੰਗਿਆ ਸੀ, ਸਾਖੀ ਵਿਚੋਂ ਪਤਾ ਨਹੀਂ ਲਗਦਾ। ਇਸ ਦਾ ਪਤਾ ਵਿਸਾਖੀ 1992 ਵਿਚ ਪਾਕਿਸਤਾਨ ਜਾ ਕੇ ਨਨਕਾਣਾ ਸਾਹਿਬ ਲੱਗਾ ਜੋ ਪਿਛੋਂ ਦਰਜ ਕਰਾਂਗਾ।

ਪਿਤਾ ਨੂੰ ਉਦਾਸੀ ਹੋਈ ਕਿ ਪੜ੍ਹਨਾ-ਲਿਖਣਾ ਤਾਂ ਦਰਕਿਨਾਰ, ਪਸ਼ੂ ਚਾਰਨ ਵਲ ਵੀ ਕੋਈ ਧਿਆਨ ਨਹੀਂ। ਫੈਸਲਾ ਕੀਤਾ ਕਿ ਹੱਟੀ ਖੁਲਵਾ ਦਿੰਦੇ ਹਾਂ। ਸੌਦਾ ਖਰੀਦਣ ਲਈ ਦਿਤੇ ਵੀਹ ਰੁਪਿਆਂ ਦਾ ਬਾਬੇ ਨੇ ਕੀ ਕੀਤਾ ਇਸ ਦਾ ਪਾਠਕਾਂ ਨੂੰ ਪਤਾ ਹੈ। ਪਿਤਾ ਨੇ ਕ੍ਰੋਧਵਾਨ ਹੋ ਕੇ ਪੁੱਛਿਆ- ਨਾਨਕ ਹੈ ਕਿਥੇ ? ਘਰੋਂ ਦਸਿਆ ਗਿਆ ਕਿ ਛੱਪੜ ਕਿਨਾਰੇ ਬੈਠਾ ਰੱਬ ਦਾ ਨਾਮ ਲੈ ਰਿਹਾ ਹੈ।ਤੇਜ਼ ਕਦਮੀ ਪਿਤਾ ਬਾਹਰ ਨਿਕਲਿਆ। ਬੇਬੇ ਨਾਨਕੀ ਗੁਸੈਲੇ ਪਿਤਾ ਦੇ ਪਿਛੇ-ਪਿਛੇ ਤੇਜ਼ ਕਦਮੀ ਤੁਰੀ। ਪਿਤਾ ਨੂੰ ਆਉਂਦਿਆਂ ਦੇਖ ਬਾਬਾ ਖੜਾ ਹੋ ਗਿਆ। ਸੱਜੇ ਹੱਥ ਨਾਲ ਖੱਬੀ ਗੱਲ੍ਹ ਉਤੇ, ਖੱਬੇ ਹੱਥ ਨਾਲ ਸੱਜੀ ਗੱਲ੍ਹ ਉਪਰ ਪਿਤਾ ਵਲੋਂ ਦੋ ਥੱਪੜ ਰਸੀਦ ਕੀਤੇ ਗਏ। ਹੰਝੂਆਂ ਦੀਆਂ ਕੁੱਝ ਬੂੰਦਾਂ ਛੱਪੜ ਕਿਨਾਰੇ ਡਿੱਗੀਆਂ। ਬੇਬੇ ਨਾਨਕੀ ਨੇ ਪਿਤਾ ਦਾ ਹੱਥ ਫੜ ਕੇ ਕਿਹਾ- ਪਿਤਾ ਜੀ ਘਰ ਚਲੋ। ਸਹਿਜੇ ਸਹਿਜੇ ਕਦਮ ਪੁਟਦੇ ਤਿੰਨੇ ਜਣੇ ਘਰ ਆ ਗਏ।

ਰਾਇ ਬੁਲਾਰ ਸਾਹਿਬ ਤੱਕ ਇਹ ਖ਼ਬਰ ਪੁੱਜੀ ਤਾਂ ਵਿਆਕੁਲ ਹੋਏ। ਅੱਗੇ ਕਦੇ ਏਨੇ ਬੇਚੈਨ ਨਹੀਂ ਹੋਏ ਸਨ। ਨਫ਼ਰ ਬੁਲਾਇਆ ਤੇ ਕਿਹਾ ਮਹਿਤਾ ਨੂੰ ਬੁਲਾ ਲਿਆਉ। ਪਿਤਾ ਜੀ ਟਲ ਕੇ ਕਿਸੇ ਗਵਾਂਢੀ ਦੇ ਘਰ ਚਲੇ ਗਏ- ਜਾਣਦੇ ਸਨ ਕਿ ਰਾਇ ਜੀ ਖਫ਼ਾ ਹੋਣਗੇ। ਹੋਰ ਆਦਮੀ ਭੇਜੇ, ਕਿਹਾ- ਜਿਥੇ ਵੀ ਹੋਣ ਢੂੰਡ ਲਿਆਉ। ਨਾਨਕ ਜੀ ਨੂੰ ਨਾਲ ਲਿਆਵਣਾ। ਪਿਤਾ ਪੁੱਤਰ ਹਵੇਲੀ ਪੁੱਜੇ ਤਾਂ ਰਾਇ ਬੁਲਾਰ ਉਠੇ ਅਤੇ ਬਾਬੇ ਨੂੰ ਜੱਫੀ ਵਿਚ ਲੈ ਲਿਆ। ਕਿਹਾ- ਮਹਿਤਾ ਜੀ ਤੁਸਾਂ ਨੂੰ ਤਾਕੀਦ ਸਖ਼ਤ ਕੀਤੀ ਸੀ ਕਿ ਇਸ ਬੱਚੇ ਨੂੰ ਉਚਾ ਨਹੀਂ ਬੋਲਣਾ- ਅੱਜ ਤਾਂ ਤੁਸੀਂ ਭਾਰੀ ਗੁਸਤਾਖ਼ੀ ਕੀਤੀ। ਸਾਨੂੰ ਵੱਡਾ ਦੁੱਖ ਪੁੱਜਾ। ਪਿਤਾ ਨੇ ਕਿਹਾ- ਜੀ ਕਰਾਂ ਕੀ? ਕਿਸੇ ਕੰਮ ਦਾ ਨਹੀਂ। ਹਮੇਸ਼ਾਂ ਉਜਾੜਾ ਕਿਵੇਂ ਬਰਦਾਸ਼ਤ ਕਰਾਂ? ਵੀਹ ਰੁਪਏ ਉਜਾੜ ਦਿੱਤਾ। ਰਾਇ ਨੇ ਨੌਕਰ ਨੂੰ ਕਿਹਾ- ਅੰਦਰ ਹਵੇਲੀ ਵਿਚ ਬੇਗਮ ਸਾਹਿਬਾ ਪਾਸੋਂ ਵੀਹ ਰੁਪਈਏ ਲੈ ਕੇ ਆ। ਨੌਕਰ ਪੈਸੇ ਲੈ ਆਇਆ। ਕਿਹਾ, ਮਹਿਤਾ ਜੀ ਨੂੰ ਦੇ ਦਿਉ। ਪਿਤਾ ਨੇ ਰੁਪਏ ਲੈਣ ਤੋਂ ਇਨਕਾਰ ਕਰਦਿਆਂ ਕਿਹਾ, ''ਰਾਇ ਜੀ ਰੁਪਈਏ ਅਸਾਂ ਦੇ ਹੀ ਹਨ ਕਿਉਂਜੁ ਤੁਸੀਂ ਅਸਾਂ ਦੇ ਹੋ ਅਰ ਅਸੀਂ ਤੁਸਾਂ ਦੇ। ਗੱਲ ਵੀਹ ਰੁਪਈਆਂ ਦੀ ਨਾਹੀ।''

ਰਾਇ ਨੇ ਕਿਹਾ, ''ਗੱਲ ਰੁਪਈਆਂ ਦੀ ਨਹੀਂ ਤਾਂ ਜੁਲਮ ਕਿਉ ਕੀਤਾ ਸੁ ਫਰਿਸ਼ਤੇ ਉਪਰ।'' ਮਹਿਤਾ ਜੀ ਨੇ ਕਿਹਾ- ਪਿਤਾ ਹੋਣ ਦੇ ਨਾਤੇ ਆਪਣੀ ਔਲਾਦ ਨੂੰ ਜ਼ਿਮੇਵਾਰੀ ਸਿਖਾਣ ਦਾ ਵੀ ਮੇਰਾ ਹੱਕ ਨਹੀਂ? ਅੱਜ ਇਹ ਨੁਕਸਾਨ ਕੀਤਾ ਹੈ ਕੱਲ੍ਹ ਹੋਰ ਨੁਕਸਾਨ ਕਰੇਗਾ। ਰਾਇ ਨੇ ਕਿਹਾ- ਤੁਸਾਂ ਨੂੰ ਦਿਸਦਾ ਨਹੀ ਅਰੁ ਅਸਾਂ ਨੂੰ ਸਾਫ ਦਿਸਦਾ ਹੈ, ਕੁੱਲ ਦੁਨੀਆਂ ਦੀ ਦਉਲਤ ਦਾ ਦਰਿਆ ਏਸ ਬਾਲਕ ਦਿਆਂ ਹੱਥਾਂ ਥਾਣੀ ਵਗਦਾ ਆਉਂਦਾ ਸਾਫ ਦਿਸਦਾ। ਚੰਗਾ, ਤੁਸਾਂ ਨੂੰ ਨਹੀਂ ਦਿੰਦਾ।ਨਾਨਕ ਜੀ ਨੂੰ ਦੇਂਦਾ ਹਾਂ। ਦੇਣੇ ਸਨ ਮੈਂ। ਪਿਤਾ ਨੇ ਕਿਹਾ- ਕਦੋਂ ਲਏ ਸਨ ਤੁਸਾਂ? ਰਾਇ ਜੀ ਨੇ ਕਿਹਾ- ਬੜਾ ਕਰਜ਼ਾ ਲਿਆ ਹੋਇਆ ਹੈ ਅਸਾਂ। ਪਤਾ ਨਹੀ ਉਤਾਰ ਪਾਵਾਂਗੇ ਕਿ ਨ। ਕਾਲੂ ਖ਼ੁਦਾ ਦਾ ਰਤਾ ਖਉਫ ਨਹੀਂ ਤੈਨੂੰ। ਕਿਸੇ ਵੀ ਗੱਲ ਦਾ ਪਤਾ ਨਹੀ। ਮਹਿਤਾ ਤੂੰ ਹਿੰਦੂ ਹੈਂ ਅਰ ਮੈਂ ਮੁਸਲਮਾਨ। ਤੇਰਾ ਭਾਈਚਾਰਾ ਚਰਚਾ ਕਰੇਗਾ ਇਸ ਕਰਕੇ ਚੁੱਪ ਹਾਂ ਨਹੀਂ ਤਾਂ ਕਈ ਵਾਰ ਸੋਚਿਆ ਹੈ ਜੁ ਇਸ ਬਾਲਕ ਨੂੰ ਤੇਰੇ ਘਰੋਂ

ਹਵੇਲੀ ਆਪਣੀ ਲੈ ਆਵਾਂ। ਸਮਝ ਕਰ।

ਸੁਲਤਾਨਪੁਰ ਦੇ ਨਵਾਬ ਦੌਲਤ ਖਾਨ ਦਾ ਮਾਲ ਅਫਸਰ ਭਾਈ ਜੈਰਾਮ ਸਾਲ ਵਿਚ ਦੋ ਵਾਰ ਜ਼ਿਮੀਦਾਰਾਂ ਤੋਂ ਮਾਲੀਆ ਉਗਰਾਹੁਣ ਆਇਆ ਕਰਦਾ ਸੀ। ਦੋਵੇਂ ਰਾਇ ਸਾਹਿਬ ਦੀ ਹਵੇਲੀ ਦੇ ਚੁਬਾਰੇ ਵਿਚ ਬੈਠੇ ਗੱਲਾਂ ਕਰ ਰਹੇ ਸਨ। ਹਵੇਲੀ ਦੇ ਐਨ ਨਾਲ ਖੂਹ ਸੀ ਜਿਥੇ ਮਰਦ ਔਰਤਾਂ ਪਾਣੀ ਭਰਨ ਆਉਂਦੇ। ਭਾਈ ਜੈਰਾਮ ਨੇ ਪਾਣੀ ਭਰਨ ਆਈ ਬੇਬੇ ਨਾਨਕੀ ਦੇਖੀ। ਪੁੱਛਿਆ- ਕਿਸਦੀ ਲੜਕੀ ਹੈ ਇਹ ਰਾਇ ਜੀ? ਬੜੀ ਸੁੰਦਰ ਹੈ। ਰਾਇ ਨੇ ਕਿਹਾ- ਅਸਾਂ ਦੀ ਬੇਟੀ ਸਮਝ। ਬੇਦੀ ਪਟਵਾਰੀ ਦੀ ਨੇਕ ਧੀ ਹੈ। ਭਲਾ ਖ਼ਾਨਦਾਨ ਹੈ। ਇਹ ਵਰ ਤੁਸਾਂ ਦੇ ਲਾਇਕ ਹੈ। ਅਗੇ ਵੀ ਦਿਲ ਵਿਚ ਇਹ ਬਾਤ ਆਈ ਸੀ। ਚੰਗਾ ਹੋਇਆ ਅੱਜ ਆਪੇ ਗੱਲ ਤੁਰੀ।ਆਪਣੇ ਪੁਰੋਹਤ ਨੂੰ ਸਾਡੇ ਪਾਸ ਭੇਜਣਾ। ਇਧਰੋਂ ਬੇਦੀਆਂ ਦੇ ਪੁਰੋਹਤ ਨੂੰ ਅਸੀਂ ਸੱਦ ਲਾਂਗੇ ਸੰਜੋਗ ਮਿਲਦੇ ਹੋਣ ਤਾਂ ਭਲਾ ਹੋਵੇ। ਸੁੱਚਾ ਖ਼ਾਨਦਾਨ ਹੈ। ਖਰੇ ਹਨ।

ਬੇਬੇ ਨਾਨਕੀ ਦੀ ਮੰਗਣੀ ਦਾ ਫੈਸਲਾ ਰਾਇ ਬੁਲਾਰ ਸਾਹਿਬ ਦੀ ਹਵੇਲੀ ਵਿਚ ਹੋਇਆ। ਭਾਈ ਬਾਲੇ ਵਾਲੀ ਸਾਖੀ ਵਿਚ ਇਹ ਸ਼ਬਦ ਦਰਜ ਹਨ- ਚੇਤ ਵਸਾਖ ਦੇ ਦਿਨ ਆਹੇ। ਵਾਰ ਛਨਿਛਰ ਦਿਨ। ਜੈਰਾਮ ਅਤੇ ਨਾਨਕੀ ਦੀ ਕੁੜਮਾਈ ਹੋਈ। ਮੱਘਰ ਵਿਚ ਵਿਆਹ ਹੁਇਆ।

ਮਾਪਿਆਂ ਨੂੰ ਮਿਲਾਣ ਲਈ ਭਾਈ ਜੈਰਾਮ ਤਲਵੰਡੀ ਪਿੰਡ ਬੇਬੇ ਨਾਨਕੀ ਜੀ ਨੂੰ ਲੈ ਕੇ ਆਏ ਤਾਂ ਮਾਪਿਆਂ ਦੇ ਘਰ ਉਨ੍ਹਾਂ ਨੂੰ ਛੱਡ, ਆਪ ਰਾਇ ਸਾਹਿਬ ਨੂੰ ਮਿਲਣ ਗਏ। ਸਤਿਕਾਰ ਹੋਇਆ। ਰਾਇ ਜੀ ਬਹੁਤ ਖੁਸ਼ ਹੋਏ। ਗੱਲਾਂ ਕਰਦਿਆਂ ਭਾਈ ਜੈਰਾਮ ਨੇ ਕਿਹਾ ਜੀ ਮੈਂ ਪੂਰਾ ਖੁਸ਼ ਹਾਂ। ਜੋ ਖਿਦਮਤ ਤੁਹਾਡੀ ਕਰ ਸਕਦਾ ਹੋਵਾਂ ਸੋ ਦੱਸਣੀ। ਜੀ ਜਾਨ ਲਾ ਕੇ ਕਰਾਂਗਾ। ਰਾਇ ਸਾਹਿਬ ਨੇ ਕਿਹਾ- ਇਕ ਕੰਮ ਕਰਨਾ ਪਵੇਗਾ। ਭਾਈਆ ਜੀ, ਤੁਸਾਂ ਦਾ ਸਹੁਰਾ ਸਖਤ ਸੁਭਾਉ ਦਾ ਹੈ। ਨਾਨਕ ਪੂਰਨ ਫਕੀਰ ਹੈ। ਪਿਤਾ ਆਪਣੇ ਫ਼ਕੀਰ ਬੇਟੇ ਨੂੰ ਦੁਰਬਚਨ ਬੋਲਦਾ ਹੈ। ਨਾਨਕ ਜੀ ਨੂੰ ਆਪਣੇ ਪਾਸ ਰਖੋ ਤਾਂ ਭਲਾ ਹੋਵੇ। ਜੈਰਾਮ ਨੇ ਕਿਹਾ, "ਹੁਣੇ ਲੈ ਜਾਂਦਾ ਹਾਂ ਆਪਣੇ ਨਾਲ।" ਰਾਇ ਜੀ ਬੋਲੇ- "ਨਹੀਂ, ਹੁਣ ਨਹੀਂ। ਦੋ ਤਿੰਨ ਮਹੀਨੇ ਪਿਛੋਂ ਘੱਲਾਂਗਾ। ਨਾਨਕ ਜੀ ਦੀ ਸ਼ਾਦੀ ਕੁੜਮਾਈ ਵੀ ਉਧਰ ਆਪਣੇ ਵਲ ਆਪ ਹੀ ਕਰਨੀ। ਪਿਤਾ ਦਾ ਰਵੱਈਆ ਦਰੁਸਤ ਨਹੀਂ।"

ਦਿਨ ਮਹੀਨੇ ਬੀਤੇ। ਬਾਬਾ ਖੇਤ ਵਲੋਂ ਘਰ ਆ ਰਿਹਾ ਸੀ। ਰਸਤੇ ਵਿਚ ਸਨਿਆਸੀ ਬੈਠਾ ਸੀ ਜਿਸ ਨੇ ਬਾਬੇ ਦੀ ਉਂਗਲ ਵਿਚ ਮੁੰਦਰੀ ਅਤੇ ਹੱਥ ਵਿਚ ਗੜਵਾ ਦੇਖ ਕੇ ਪੁਛਿਆ- ਕੌਣ ਹੈਂ ਤੂੰ? ਬਾਬੇ ਨੇ ਕਿਹਾ- ਨਾਨਕ ਹਾਂ ਨਿਰੰਕਾਰ ਦਾ ਮੁਰੀਦ। ਸਨਿਆਸੀ ਨੇ ਕਿਹਾ- ਮੈਂ ਵੀ ਨਿਰੰਕਾਰੀ ਹਾਂ ਤੂੰ ਵੀ। ਸਾਡੇ ਵਿਚ ਕੋਈ ਭੇਦ ਨਹੀਂ। ਆਪਣੀ ਮੁੰਦਰੀ ਅਤੇ ਗੜਵਾ ਮੈਨੂੰ ਦੇਹ। ਬਾਬੇ ਨੇ ਮੁੰਦਰੀ ਉਤਾਰੀ ਅਤੇ ਦੋਵੇਂ ਵਸਤਾਂ ਅੱਗੇ ਰੱਖ ਦਿਤੀਆਂ। ਸਨਿਆਸੀ ਨੇ ਕਿਹਾ- ਮੈਂ ਨਕਲੀ ਨਿਰੰਕਾਰੀ ਹਾਂ, ਤੂੰ ਅਸਲੀ ਹੈਂ। ਆਪਣੀਆਂ ਵਸਤਾਂ ਚੁੱਕ। ਮੈਂ ਇਨ੍ਹਾਂ ਦਾ ਹੱਕਦਾਰ ਨਹੀਂ। ਬਾਬੇ ਨੇ ਕਿਹਾ, "ਸੁੱਟੀ ਵਸਤੂ ਵਲ ਦੇਵਤਾ ਦੁਬਾਰਾ ਨਹੀਂ ਦੇਖਦਾ।" ਬਾਬਾ ਖਾਲੀ ਹੱਥ ਘਰ ਆਇਆ, ਪਿਤਾ ਨੇ ਕਰੋਧ ਕੀਤਾ। ਪੁੱਤਰ ਨੂੰ ਕੁੱਝ ਆਖਣ ਦੀ ਥਾਂ ਹਵੇਲੀ ਜਾ ਕੇ ਰਾਇ ਸਾਹਿਬ ਨਾਲ ਇਸ ਘਟਨਾ ਦਾ ਜ਼ਿਕਰ ਕੀਤਾ ਤਾਂ ਉਹ ਬੋਲੇ, "ਨਾਨਕ ਨੂੰ ਭਾਈਆ ਜੈਰਾਮ ਥੇ ਘਲਿ ਦੇਈਏ। ਇਥੇ ਤੂੰ ਭੀ ਖਪਦਾ ਹੈਂ। ਏਹੁ ਭੀ ਰੰਜ ਹੋਂਦਾ ਹੈ। ਉਥੈ ਠੀਕ ਹੈ।" ਭਾਈ ਬਾਲੇ ਵਾਲੀ ਸਾਖੀ ਵਿਚ ਲਿਖਿਆ ਹੈ- ਰਾਇ ਨੇ ਜੈਰਾਮ ਨੂੰ ਚਿਠੀ ਲਿਖੀ। ਕਹਿਆ- ਭਾਈਆ ਜੀ ਅਸਾਂ ਨਾਨਕ ਤੈਨੂੰ ਸਉਪਿਆ।ਜੋ ਕਿਛੁ ਤੇਰੇ ਤੇ ਹੋਇ ਸੋ ਢਿਲ ਨਹੀ ਕਰਨੀ। ਸੰਮਤ 1544 ਮੱਘਰ ਸੁਦੀ ਤਿੰਨ, ਨਾਨਕ ਜੈਰਾਮ ਪਾਸ ਸੁਲਤਾਨਪੁਰ ਗਇਆ।

ਰਾਇ ਸਾਹਿਬ ਨੇ ਨਵਾਬ ਦੌਲਤ ਖਾਨ ਨੂੰ ਵੱਖਰਾ ਖ਼ਤ ਲਿਖ ਕੇ ਅਰਜ਼ ਕੀਤੀ ਕਿ ਜਿਸ ਜੁਆਨ ਨੂੰ ਆਪ ਪਾਸ ਭਾਈ ਜੈਰਾਮ ਲੈ ਕੇ ਆਉਣਗੇ, ਉਸ ਨੂੰ ਬਹੁਤ ਆਦਰ ਨਾਲ ਚੰਗੀ ਨੌਕਰੀ ਦੇਣੀ।

ਰਾਇ ਸਾਹਿਬ ਨੂੰ ਪਿਤਾ ਦੇ ਸੁਭਾਅ ਦਾ ਦੁਖ ਸੀ ਪਰ ਆਪਣੇ ਇਸ ਮੁਲਾਜ਼ਮ ਦਾ ਪੂਰਾ ਆਦਰ

ਇਸ ਕਰਕੇ ਕਰਦੇ ਸਨ ਕਿਉਂਜੁ ਇਹ ਬਾਬੇ ਦਾ ਪਿਤਾ ਸੀ। ਦਰਜਣ ਪਿੰਡਾਂ ਦਾ ਮਾਲਕ ਇਹ ਰਈਸ ਉਦੋਂ ਵਿਚਕਾਰ ਆ ਕੇ ਖਲੋ ਜਾਂਦਾ ਸੀ। ਜਦੋਂ ਪਿਤਾ ਦੇ ਕ੍ਰੋਧ ਬਾਣ ਗੁਰੂ ਨਾਨਕ ਵੱਲ ਸੇਧੇ ਹੁੰਦੇ।

ਭਾਈ ਜੈਰਾਮ ਬਾਬਾ ਜੀ ਨੂੰ ਨਵਾਬ ਦੌਲਤ ਖਾਨ ਸਾਹਿਬ ਪਾਸ ਲੈ ਗਏ। ਨਵਾਬ ਨੇ ਇੰਟਰਵਿਊ ਲੈਂਦਿਆਂ ਪੁੱਛਿਆ- ਪੜ੍ਹਾਈ ਲਿਖਾਈ ਕੀ ਕੁੱਛ ਕੀਤੀ? ਬਾਬਾ ਜੀ ਨੇ ਦੱਸਿਆ- ਜੀ ਹਿੰਦਕੀ ਜਾਣਦਾ ਹਾਂ। ਤੁਰਕੀ (ਫਾਰਸੀ) ਜਾਣਦਾ ਹਾਂ। ਵਹੀਖਾਤੇ (ਐਕਾਊਂਟੈਂਸੀ) ਦਾ ਪੂਰਾ ਇਲਮ ਹੈ। ਨਵਾਬ ਨੇ ਮੋਦੀਖਾਨੇ ਦੀ ਸੁਤੰਤਰ ਜ਼ਿੰਮੇਵਾਰੀ ਸੌਂਪ ਦਿੱਤੀ। ਭੈਣ ਨੇ ਖ਼ਬਰ ਸੁਣੀ, ਖੁਸ਼ ਹੋਈ।

ਮਹੀਨੇ ਬੀਤਦੇ ਗਏ। ਮਾਪਿਆਂ ਨੇ ਫੈਸਲਾ ਕੀਤਾ ਕਿ ਧੀ-ਪੁੱਤਰ ਨੂੰ ਸੁਲਤਾਨਪੁਰ ਮਿਲ ਕੇ ਆਈਏ। ਬੇ ਬੇ ਘਰ ਵਿਚ ਸੀ ਤੇ ਬਾਬਾ ਨੌਕਰੀ ਉਪਰ। ਖੈਰ ਸੁੱਖ ਪੁੱਛੀ ਦੱਸੀ। ਪਿਤਾ ਨੇ ਬੇਟੀ ਨੂੰ ਪੁੱਛਿਆ- ਨਾਨਕ ਕੁਝ ਜੋੜਦਾ ਵੀ ਹੈ ਕਿ ਸਾਰਾ ਉਜਾੜ ਦਿੰਦਾ ਹੈ? ਬੇਬੇ ਨਾਨਕੀ ਨੇ ਕਿਹਾ- ਕਮਾਂਵਦਾ ਹੈ ਤਾਂ ਉਜਾੜਦਾ ਹੈ। ਤੁਸਾਂ ਦਾ ਕੁਝ ਨਹੀ ਉਜਾੜਦਾ। ਪਿਤਾ ਜੀ ਤੁਸਾਂ ਦੀਆਂ ਏਹੋ ਗੱਲਾਂ ਅਸਾਂਨੂੰ ਭਲੀਆਂ ਨਹੀਂ ਲਗਦੀਆਂ।ਖ਼ਬਰ ਮਿਲੀ ਤਾਂ ਬਾਬਾ ਜੀ ਬੇਬੇ ਦੇ ਘਰ ਆਏ।ਮਾਪਿਆਂ ਦੇ ਚਰਨੀਂ ਹੱਥ ਲਾਏ। ਕਿਸੇ ਬਾਰੇ ਹੋਰ ਗੱਲ ਨਹੀਂ ਕੀਤੀ ਪਰ ਬਾਬਾ ਜੀ ਨੇ ਪਿਤਾ ਨੂੰ ਪੁੱਛਿਆ, "ਜੀ ਰਾਇ ਜੀ ਦਾ ਕੀ ਹਾਲ ਹੈ?" ਪਿਤਾ ਨੇ ਕਿਹਾ, "ਉਹੋ ਦੱਸਣਾ ਭੁੱਲ ਗਿਆ। ਰਾਇ ਜੀ ਨੂੰ ਪਤਾ ਲੱਗਾ ਕਿ ਤੁਸਾਂ ਨੂੰ ਮਿਲਣ ਚਲੇ ਹਾਂ ਤਾਂ ਘਰ ਆਏ ਤੇ ਕਿਹਾ- ਸਾਡਾ ਨਾਮ ਲੈ ਕੇ ਨਾਨਕ ਜੀ ਦੇ ਕਦਮ ਛੁਹਣੇ।" ਸਾਖੀ ਦੇ ਬੋਲ ਇਹ ਹਨ- ਨਾਨਕ ਜੀ ਨੋ ਖ਼ਬਰਿ ਹੋਈ (ਕਿ ਮਾਤਾ ਪਿਤਾ ਆਏ ਹਨ) ਸੁਣਦੇ ਹੀ ਦਉੜਿਆ। ਜਾਂਦੋ ਹੀ ਪਿਤਾ ਦੇ ਪੈਰਾਂ ਤੇ ਡਿਗਿ ਪਇਆ। ਪਿਤਾ ਮੱਥਾ ਚੁੰਮਿਆਂ। ਨਾਨਕ ਜੀ ਆਖਿਆ- ਪਿਤਾ ਜੀ ਰਾਇ ਬੁਲਾਰ ਚੰਗੇ ਥੇ ਨ। ਪਿਤਾ ਕਹਿਆ- ਪੁਤ੍ਰ ਭਲਾ ਯਾਦ ਦਿਵਾਇਉ। ਰਾਇ ਤੇਰਾ ਮੱਥਾ ਚੁੰਮਣ ਆਖਦਾ ਸੀ ਅਰ ਪੈਰਾਂ ਤੇ ਹਥੁ ਰੱਖਣਾ ਕਹਿਆ ਸੀ। ਅਸਾਨੂ ਤਾਂ ਵਿਸਰਿ ਗਇਆ ਸੀ।

ਭਾਈ ਜੈਰਾਮ ਨੇ ਵਿਚੋਲਗੀ ਦਾ ਫਰਜ਼ ਨਿਭਾ ਕੇ ਬਟਾਲੇ ਦੇ ਚੰਗੇ ਖਾਨਦਾਨ ਵਿਚ ਬਾਬਾ ਜੀ ਦੀ ਮੰਗਣੀ ਕਰਵਾਈ। ਪ੍ਰਸੰਨ ਮਾਪੇ ਤਲਵੰਡੀ ਪਰਤੇ ਤੇ ਵਿਆਹ ਦੀਆਂ ਤਿਆਰੀਆਂ ਆਰੰਭੀਆਂ। ਸਾਖੀਕਾਰ ਦੇ ਬੋਲ ਸੁਣੋ- ਰਾਇ ਬੁਲਾਰ ਪਾਸ ਕਾਲੂ ਗਇਆ। ਰਾਇ ਜੀ ਮੁਬਾਰਕਾਂ। ਰਾਇ ਪੁਛਿਆ- ਕੇਹੀ ਮੁਬਾਰਕ। ਕਿਹਾ- ਜੀ ਨਾਨਕ ਤੁਸਾਡੇ ਗੁਲਾਮ ਦਾ ਸਾਹਾ ਲਿਖਿਆ ਆਇਆ। ਰਾਇ ਕਹਿਆ- ਤੂੰ ਨਾਨਕ ਨੂੰ ਗੁਲਾਮ ਨ ਆਖ। ਫਿਰ ਸਾਨੂੰ ਰੰਜ ਹੋਵੈਗਾ। ਪਿਤਾ ਕਹਿਆ- ਜੀ ਅਸਾਨੂੰ ਅਦਬ ਕਰਨਾ ਲੋੜੀਏ ਨਾ। ਰਾਇ ਕਿਹਾ- ਹੋਰ ਗੱਲਾਂ ਥੋੜੀਆਂ ਹਨ ਅਦਬ ਕਰਨ ਦੀਆਂ? ਤੇਰਾ ਭਲਾ ਹੋਵੈ। ਤੂ ਨਾਨਕ ਨੂੰ ਬੇਟਾ ਕਰਕੇ ਜਾਣਦਾ ਹੈਂ। ਮੈਂ ਜਾਣਦਾ ਹਾਂ ਖੁਦਾਇ ਉਸ ਵਿਚ ਬੋਲਦਾ ਹੈ।

ਬਾਬਾ ਜੀ ਦੀਆਂ ਯਾਤਰਾਵਾਂ ਦਾ ਦੌਰ ਆਰੰਭ ਹੋਇਆ। ਇਕ ਤੋਂ ਬਾਦ ਦੂਜਾ, ਦੂਜੇ ਤੋਂ ਬਾਦ ਤੀਜਾ ਦੇਸ। ਭਾਈ ਮਰਦਾਨਾ ਜੀ ਦਾ ਸੰਗ। ਵਰ੍ਹਿਆਂ ਬਾਦ ਪਰਤੇ ਤਾਂ ਐਮਨਾਬਾਦ ਭਾਈ ਲਾਲੋ ਦੇ ਘਰ ਬਿਸਰਾਮ ਕੀਤਾ। ਫੈਸਲਾ ਕੀਤਾ ਕਿ ਖੁਦ ਭਾਈ ਲਾਲੋ ਜੀ ਪਾਸ ਟਿਕਣਗੇ ਤੇ ਮਰਦਾਨਾ ਜੀ ਤਲਵੰਡੀ ਜਾ ਕੇ ਪਰਿਵਾਰਾਂ ਦੀ ਖ਼ੈਰ-ਸੁਖ ਦਾ ਪਤਾ ਲੈਣ ਚਲੇ ਜਾਣ। ਭਾਈ ਮਰਦਾਨਾ ਜੀ ਪਿੰਡ ਬਾਬਾ ਜੀ ਦੇ ਘਰ ਗਏ। ਮਾਪਿਆਂ ਨੇ ਪੁੱਤਰ ਦੀ ਖੈਰ ਪੁਛੀ ਤਾਂ ਉਤਰ ਦਿਤਾ ਕਿ ਸਭ ਠੀਕ ਹੈ। ਸਾਖੀ ਦੇ ਸ਼ਬਦ ਹਨ- ਪਿਤਾ ਨੇ ਕਿਹਾ- ਦੇਹੁ ਮਰਦਾਨਿਆ ਨਾਨਕ ਦੀਆਂ ਖਬਰਾਂ। ਭਾਈ ਮਰਦਾਨਾ ਨੇ ਕਿਹਾ- ਜੀ ਗਿਣਤੀ ਕੋਈ ਨਹੀਂ ਸਿਫਤਾਂ ਦੀ। ਤੁਸਾਂ ਘਰ ਚੰਦ ਸੂਰਜ ਅਰ ਕ੍ਰਿਸ਼ਨ ਨੇ ਜਨਮ ਲਿਆ ਹੈ, ਮਹਤਾ ਜੀ ਤੁਸੀ ਮੰਗਲ ਗਾਵੋ। ਪਿਤਾ ਬੋਲੇ- ਸੁਣ ਲਉ ਇਸ ਦੀਆਂ ਗੱਲਾਂ। ਆਖਦਾ ਹੈ ਚੰਦੂ ਸੂਰਜ ਜਨਮਿਆ ਹੈ। ਜਿਸ ਨੇ ਮੇਰਾ ਨਾਮ ਡੋਬ ਦਿੱਤਾ ਉਸ ਨੂੰ ਇਹ ਚੰਦ ਸੂਰਜ ਆਖਦਾ ਹੈ। ਮਰਦਾਨਾ ਜੀ ਨੇ ਕਿਹਾ- ਜਜਮਾਨ ਤੁਸਾਂਨੂੰ ਏਹੋ ਖਬਰ। ਉਸਨੂੰ ਸਾਰੀ ਪੈਦਾਇਸ ਦੀ ਖਬਰ।

ਰਾਇ ਬੁਲਾਰ ਨੂੰ ਭਾਈ ਮਰਦਾਨਾ ਦੇ ਆਉਣ

ਦੀ ਖਬਰ ਮਿਲੀ ਤਾਂ ਸੱਦਾ ਭੇਜਿਆ। ਜਾ ਸਲਾਮ ਕੀਤਾ। ਰਾਇ ਆਖਿਆ- ਆਖ ਮਰਦਾਨਾ ਨਾਨਕ ਜੀ ਦੀਆਂ ਖਬਰਾਂ। ਮਰਦਾਨਾ ਜੀ ਬੋਲੇ- ਜੀ ਨਾਨਕ ਪਾਤਿਸਾਹਾਂ ਦਾ ਪਾਤਿਸਾਹ, ਪੀਰਾਂ ਦਾ ਪੀਰ, ਨਾਨਕ ਫਕੀਰਾਂ ਸਿਰਿ ਫਕੀਰ। ਉਸਦੈ ਤੁੱਲ ਹੋਰ ਕੋਈ ਨਾਹੀਂ। ਨਾਨਕ ਦੇ ਉੂਪਰ ਇਕ ਖੁਦਾਇ ਹੈ। ਨਾਨਕ ਜੀ ਨੂੰ ਖੁਦਾਇ ਵਡਾ ਮਰਾਤਬਾ ਦਿਤਾ। ਰਾਇ ਕਹਿਆ- ਮਰਦਾਨਿਆਂ ਅਸੀਂ ਬਿਰਧ ਹੋਇ ਆਹੇ। ਕਿਮੈਂ ਨਾਨਕ ਜੀ ਨੂੰ ਬੀ ਇਥੈ ਲਿਆਵੇਂ। ਦੀਦਾਰ ਕਰੀਏ।

ਬਾਬਾ ਜੀ ਨੂੰ ਬੁਲਾਉਣ ਲਈ ਮਰਦਾਨਾ ਜੀ ਤਲਵੰਡੀਓਂ ਐਮਨਾਬਾਦ ਵਲ ਤੁਰ ਪਏ। ਜਾ ਕੇ ਪਿੰਡ ਚੱਲਣ ਦੀ ਬੇਨਤੀ ਕੀਤੀ। ਬਾਬਿਆਂ ਕਿਹਾ- ਕੀ ਕਰਾਂਗੇ ਭਾਈ ਤਲਵੰਡੀ ਜਾ ਕੇ। ਪਿਤਾ ਰੰਜ ਹੋਂਦੇ ਹਨ। ਉਨ੍ਹਾਂ ਦਾ ਕਰੋਧ ਦੇਖਣ ਕੀ ਜਾਣਾ। ਪਿਤਾ ਨੂੰ ਅਸੀਂ ਸੱਟ ਵਾਂਗ ਲਗਦੇ ਹਾਂ। ਦੇਖੋ ਕਿਸਮਤ। ਉਹੋ ਨਾਨਕ ਹੈ- ਇਕ, ਅੱਵਲ ਤੋਂ ਆਖਰ, ਜ਼ਾਹਰ ਤੋਂ ਬਾਤਨ (ਬਾਹਰ, ਅੰਦਰ), ਇਕ ਹੈ ਨਾਨਕ, ਇਕੋ ਰਹੇਗਾ। ਜੇਹਾ ਰਾਉ ਨਾਲ ਤੇਹਾ ਰੰਕ ਨਾਲ। ਇਕੋ ਰਿਹਾ। ਕਿਸੇ ਨੂੰ ਸੱਟ ਵਾਂਗ ਲੱਗਾ ਕਿਸੇ ਨੂੰ ਸੱਟ ਉਪਰ ਦਾਰੂ ਵਾਂਗ। ਸਾਡਾ ਕੀ ਕਸੂਰ ਭਾਈ। ਰਜ਼ਾ ਕਰਤਾਰ ਦੀ।

ਭਾਈ ਮਰਦਾਨੇ ਨੇ ਕਿਹਾ- ਬਾਬਾ ਜੀ ਰਾਇ ਸਾਹਿਬ ਬਹੁਤ ਯਾਦ ਕਰਦੇ ਹਨ। ਉਨ੍ਹਾਂ ਘਲਿਆ ਹੈ ਮੈਨੂੰ। ਦੀਦਾਰ ਲਈ ਅਰਜ਼ ਗੁਜ਼ਾਰੀ ਹੈ। ਬਾਬਾ ਜੀ ਚੁਪ ਕਰ ਗਏ। ਫਿਰ ਕਿਹਾ, "ਠੀਕ ਹੈ। ਚਲਦੇ ਹਾਂ।" ਭਾਈ ਲਾਲੋ ਨੇ ਕਿਹਾ- ਬਾਬਾ ਤੁਸੀਂ ਇਕ ਮਹੀਨਾ ਅਸਾਂ ਪਾਸ ਰਹਿਣ ਦਾ ਬਚਨ ਕੀਤਾ ਸੀ। ਅਜੇ ਪੱਚੀ ਦਿਨ ਹੋਏ ਹਨ। ਬਾਬਾ ਜੀ ਨੇ ਕਿਹਾ, "ਪੰਜ ਦਿਨ ਬਕਾਏ ਦੇ ਰਹੇ ਅਸਾਂ ਸਿਰ। ਫੇਰ ਰਹਾਂਗੇ। ਹੁਣ ਜਾਣਾ ਪਵੇਗਾ।" ਭਾਈ ਲਾਲੋ ਨੇ ਕਿਹਾ, "ਜੀ ਤਕੜਿਆਂ ਅਗੈ ਕੀ ਜੋਰ। ਜੋ ਰਜਾਇ।" ਬਾਬਾ ਜੀ ਨੇ ਵਿਦਾਇਗੀ ਮੰਗੀ ਤੇ ਅਸੀਸਾਂ ਦੇ ਕੇ ਪਿੰਡ ਦਾ ਰੁਖ ਕੀਤਾ।

ਆਪਣੇ ਘਰ ਨਹੀਂ ਗਏ। ਰਾਇ ਦੀ ਹਵੇਲੀ ਪੁੱਜੇ। ਰਾਇ ਮੰਜੀ ਉਪਰ ਬੈਠੇ ਸਨ। ਉਮਰ ਵਧੀਕ ਹੋ ਗਈ ਸੀ। ਮਹਾਰਾਜ ਨੂੰ ਦੇਖਦਿਆਂ ਮੰਜੀ ਤੋਂ ਉਠਣ ਦਾ ਯਤਨ ਕਰਨ ਲੱਗੇ ਪਰ ਉਠਿਆ ਨਾ ਗਿਆ। ਬਾਬਾ ਜੀ ਤੇਜ਼ ਕਦਮੀ ਅਗੇ ਆਏ ਤੇ ਰਾਇ ਬੁਲਾਰ ਜੀ ਦੇ ਗੋਡਿਆਂ ਉਪਰ ਦੋਵੇਂ ਹੱਥ ਰੱਖੇ। ਰਾਇ ਨੇ ਕਿਹਾ, "ਬਾਬਾ ਵੱਡਾ ਜੁਲਮ ਕੀਤੋ ਮੈਂ ਉਪਰ। ਤੁਸਾਂ ਨੂੰ ਸੱਦਿਆ ਸੀ, ਜੋ ਕਦਮ ਚੁੰਮਾਂ। ਸਾਡੀ ਦੇਹ ਨੂੰ ਹੱਥ ਕਿਉਂ ਲਾਇਆ ਬਾਬਾ। ਸਾਨੂੰ ਮਾਰ ਨਾਂਹ।"

ਮਹਾਰਾਜ ਨੇ ਫੁਰਮਾਇਆ, "ਰਾਇ ਜੀ ਤੁਸੀਂ ਵੱਡੇ ਹੋ। ਅਸੀਂ ਤੁਹਾਡੀ ਪਰਜਾ ਹਾਂ।" ਰਾਇ ਬੋਲੇ"ਬਾਬਾ ਮੈਨੂੰ ਤੂੰ ਬਖਸ਼। ਅਰ ਕਰਤਾਰ ਤੋਂ ਬੀ ਬਖਸ਼ਾ।" ਗੁਰੂ ਬਾਬੇ ਬੋਲੇ, "ਤੁਸੀਂ ਧੁਰੋਂ ਬਖਸੇ ਹੋਏ ਹੋ।" ਰਾਇ ਨੇ ਫਿਰ ਕਿਹਾ, "ਮੈਂ ਉਪਰ ਆਪਣੀ ਬੀ ਕੁਛ ਮਿਹਰਬਾਨੀ ਕਰ ਬਾਬਾ ਜਾਂ ਫਿਰ ਇਹ ਦਸ ਮੈਂ ਮਿਹਰਬਾਨੀ ਦਾ ਹੱਕਦਾਰ ਨਹੀਂ।" ਬਾਬੇ ਫਰਮਾਇਆ, "ਰਾਇ ਜੀ ਜਿਥੇ ਅਸੀਂ ਤਿਥੈ ਤੁਸੀਂ।" ਰਾਇ ਨੇ ਕਿਹਾ, "ਰੀਝ ਪੂਰੀ, ਤਾਂ ਹੋਵੈ ਬਾਬਾ ਜੇ ਮੱਥਾ ਕਦਮਾਂ ਉਪਰ ਰੱਖਣ ਦੀ ਇਜਾਜ਼ਤ ਮਿਲੇ।" ਰਾਇ ਬਹੁਤ ਅਧੀਰ ਹੋਇਆ ਤਾਂ ਬਾਬੇ ਦੀ ਆਗਿਆ ਨਾਲ ਸਿਰ ਕਦਮਾਂ ਤੇ ਰੱਖਿਆ ਅਰ ਬਹੁਤ ਬਿਗਸਿਆ। ਬਾਬੇ ਨੇ ਅਸੀਸਾਂ ਦਿੱਤੀਆਂ।

ਫਿਰ ਰਾਏ ਨੇ ਹਮੀਦੇ ਨੌਕਰ ਨੂੰ ਬੁਲਾਇਆ ਤੇ ਕਿਹਾ, "ਸੁਧੇ ਨੂੰ ਬੁਲਾ ਲਿਆ। ਕਮਾਲ ਖਾਣਾ ਉਹੋ ਬਣਾ ਸਕਦਾ ਹੈ।" ਹਮੀਦਾ ਗਿਆ ਤਾਂ ਪੁਛਿਆ, "ਦਸ਼ ਬਾਬਾ ਜੀ ਕੀ ਛਕਣਾ ਹੈ।" ਬਾਬਾ ਜੀ ਨੇ ਕਿਹਾ, "ਕਰਤਾਰ ਜੋ ਭੇਜਦਾ ਹੈ ਖਾ ਲੈਂਦੇ ਹਾਂ।" ਰਾਇ ਨੇ ਪੁੱਛਿਆ, "ਆਗਿਆ ਹੋਵੇ ਤਾਂ ਬੱਕਰਾ ਬਣਾ ਲਈਏ?" ਬਾਬਾ ਜੀ ਨੇ ਕਿਹਾ, "ਪੁੱਛਣ ਦੱਸਣ ਫਰਮਾਇਸ਼ਾ ਦੀ ਕੀ ਲੋੜ ਇਥੇ। ਖੁਸ਼ ਹੋ ਕੇ ਜੋ ਖੁਆਓਗੇ ਖਾਵਾਂਗੇ। ਜੋ ਤੁਸਾਂ ਨੂੰ ਭਾਵੇ ਸੋਈ ਅਸਾਂ ਲਈ ਅੱਛਾ ਹੈ।" ਰਾਇ ਨੇ ਰਸੋਈਆਂ ਨੂੰ ਕਿਹਾ, "ਪਹਿਲੋਂ ਮਿੱਠਾ ਬਣਾਉ। ਸਲੂਣਾ ਬਾਦ ਵਿਚ ਛਕਾਂਗੇ।" ਇਹ ਪ੍ਰਸੰਗ ਭਾਈ ਬਾਲੇ ਜੀ ਦੀ ਸਾਖੀ ਵਿਚੋਂ ਹੈ। ਮਾਤਾ-ਪਿਤਾ ਹਵੇਲੀ ਵਿਚ ਮਿਲ ਕੇ ਚਲੇ ਗਏ।

ਰਾਇ ਬੁਲਾਰ ਨੇ ਸਾਰੀ ਉਮਰ ਬਾਬਿਆਂ ਦੇ

ਨਾਮ ਦਾ ਸਿਮਰਨ ਕੀਤਾ। ਆਪਣੇ ਮੇਲੀਆਂ-ਜੋਲੀਆਂ, ਸਬੰਧੀਆਂ ਨਾਲ ਗੱਲਾਂ-ਬਾਤਾਂ ਕਰਦਿਆਂ ਆਖ ਦਿੰਦੇ "ਯਾਰੋ ! ਕੌਣ ਹੈ ਖੁਸ਼ਕਿਸਮਤ ਆਲਮ ਵਿਚ ਸਾਡੇ ਜਿਹਾ? ਅਸਾਂ ਉਹ ਕੁੱਝ ਦੇਖ ਲਿਆ ਜੋ ਦੇਖਣ ਲਈ ਜੰਗਲਾਂ ਵਿਚ ਤਪ ਕਰਦਿਆਂ ਉਮਰਾਂ ਬੀਤਦੀਆਂ ਹਨ, ਫਿਰ ਵੀ ਨਸੀਬ ਨਹੀਂ ਹੁੰਦਾ। ਬੈਠੇ ਬਠਾਏ ਅਸੀਂ ਕੇਹੇ ਧਨੀ ਹੋ ਗਏ ਬਿਨਾ ਕੁੱਝ ਕੀਤਿਆਂ ਕਰਾਇਆਂ। ਆਪਣੀ ਮਰਜ਼ੀ ਨਾਲ ਮਿਹਰਬਾਨ ਹੋ ਕੇ ਦੋਸਤਾਂ ਵਾਂਗ ਖੁਦਾਵੰਦ ਇਸ ਸਾਹਮਣੀ ਡੱਠੀ ਮੰਜੀ ਉਪਰ ਬੈਠ ਜਾਇਆ ਕਰਦਾ ਸੀ। ਰਸ਼ਕ ਕਰਨਗੇ ਜ਼ਮਾਨੇ।ਕੀ ਸੀ ਸਾਡੇ ਪਾਸ ਉਸ ਵਾਸਤੇ? ਖਿਦਮਤ ਸੀ ਇਕ, ਜੋ ਅਸਾਂ ਦਿਲੋਂ ਕੀਤੀ। ਇਸ ਗਰੀਬ ਸਾਦਿਕ (ਸਿਦਕਵਾਨ) ਪਾਸ ਹੋਰ ਕੱਖ ਨਹੀਂ ਸੀ। ਉਸ ਪਾਸ ਸਭ ਕੁੱਝ। ਉਹ ਚੰਦ ਤਾਰਿਆਂ ਦਾ ਮਾਲਕ।"

ਇਕ ਦਿਨ ਰਾਇ ਜੀ ਨੇ ਕਿਹਾ, "ਬਾਬਾ, ਤੁਸਾਂ ਦੇ ਮਾਪੇ ਬਿਰਧ ਹੋ ਗਏ ਹਨ। ਪਤਾ ਨਹੀਂ ਕਿੰਨਾਂ ਕੁ ਚਿਰ ਹੋਰ ਹਨ। ਤੁਸੀਂ ਮੁੱਦਤਾਂ ਬਾਦ ਪਰਤਦੇ ਹੋ। ਮਾਪਿਆਂ ਨੂੰ ਮਿਲਣ ਲਈ ਆਉਂਦੇ ਸਉ ਤਾਂ ਅਸਾਂ ਨੂੰ ਭੀ ਦੀਦਾਰ ਨਸੀਬ ਹੋ ਜਾਂਦੇ। ਮਾਤਾ-ਪਿਤਾ ਨਾ ਰਹੇ ਤਾਂ ਕਿਸ ਵਾਸਤੇ ਨਿਮਾਣੀ ਤਲਵੰਡੀ ਵਿਚ ਆਉਣਾ ਹੈ ਤੁਸੀਂ। ਫੇਰ ਅਸੀਂ ਕੀ ਕਰਾਂਗੇ।" ਬਾਬਾ ਜੀ ਹੱਸ ਪਏ। ਕਿਹਾ, "ਅਨਜਾਣ ਨਾ ਬਣੋ ਰਾਇ ਜੀ। ਹੋਰ ਕਿਸੇ ਨੂੰ ਪਤਾ ਹੋਵੇ ਨਾ ਹੋਵੇ। ਤੁਸਾਂ ਨੂੰ ਪਤਾ ਹੈ ਸਭ। ਤੁਸਾਂ ਨੂੰ ਮਿਲਣ ਆਂਵਦਾ ਮਾਪਿਆਂ ਨੂੰ ਭੀ ਮਿਲ ਜਾਂਦਾ। ਪਿਤਾ ਮੁਤਾਬਕ ਤਾਂ ਉਨ੍ਹਾਂ ਦਾ ਨਾਮ ਰੋਲਣ ਲਈ ਜੰਮਿਆਂ ਸੀ ਨਾਨਕ।"

ਰਾਇ ਨੇ ਕਿਹਾ, "ਜੀ ਹੁਣ ਕਈ ਮਹੀਨੇ ਨਹੀਂ ਜਾਣ ਦੇਣਾ ਤੁਸਾਂ ਨੂੰ। ਸਾਡੀ ਅਰਜ਼ ਮੋੜਨੀ ਨਾਂਹ।" ਬਾਬਾ ਜੀ ਨੇ ਕਿਹਾ, "ਕੀ ਕਰਾਂਗੇ ਰਹਿ ਕੇ। ਇਸਨਾਨ ਕਰਨ ਵਾਸਤੇ ਪਾਣੀ ਨਹੀਂ ਲਭਦਾ ਇਥੇ। ਛੱਪੜ ਵੀ ਸੁੱਕਿਆ ਪਿਆ ਹੈ। ਦਰਿਆਵਾਂ-ਸਮੁੰਦਰਾਂ ਦੇ ਆਸ਼ਕ ਇਥੇ ਨਹੀਂ ਰਹਿਣਗੇ। ਤਲਵੰਡੀ ਤੁਸਾਂ ਨੂੰ ਮੁਬਾਰਕ।" ਰਾਇ ਨੇ ਕਿਹਾ, "ਚਾਰ ਕੂੰਟਾਂ ਵਿਚ ਬਾਬਾ ਚਾਰ ਖੂਹ ਖੁਦਵਾਇ ਦੇਸਾਂ। ਅਰ ਚਲਵਾਇ ਦੇਸਾਂ ਸਦਾਬਰਤ ਲੰਗਰ ਤੁਸਾਂ ਦੇ ਮੁਬਾਰਕ ਹੱਥਾਂ ਦੀ ਛੁਹ ਨਾਲ।" ਟਿਕਾਣਾ ਕਰਨ ਲਈ ਹਾਂ ਤਾਂ ਕਰੋ ਇਕ ਬਾਰ।" ਬਾਬਾ ਜੀ ਨੇ ਕਿਹਾ, "ਲੰਗਰ ਤਾਂ ਚਲੇਗਾ ਰਾਇ ਜੀ ਪਰ ਕਿਸੇ ਹੋਰ ਬਿਧ ਨਾਲ।" ਗੁਰੂ ਜੀ ਨੇ ਫੈਸਲਾ ਕੀਤਾ ਕਿ ਅਗਲੀ ਯਾਤਰਾ ਉਤੇ ਜਾਣ ਤੋਂ ਪਹਿਲੋਂ ਰਾਇ ਜੀ ਨੂੰ ਵਿਦਾ ਕਰਕੇ ਜਾਵਾਂਗੇ। ਸੰਨ 1515 ਈਸਵੀ ਵਿੱਚ ਆਪਣੇ ਹੱਥੀਂ ਮਹਾਰਾਜ ਨੇ ਅਸੀਸਾਂ ਦੇ ਕੇ ਸੰਸਾਰ ਵਿਚੋਂ ਰਾਇ ਬੁਲਾਰ ਖਾਨ ਨੂੰ ਤੋਰਿਆ।

ਸਾਖੀਕਾਰ ਇਥੇ ਸਾਖੀ ਖਤਮ ਕਰ ਦਿੰਦਾ ਹੈ। ਉਹ ਕਿਹੜੀ ਵਿਧੀ ਹੈ ਜਿਸ ਨਾਲ ਲੰਗਰ ਚਲੇਗਾ, ਨਹੀਂ ਦੱਸੀ। ਪਰ ਅਖੀਰ ਵਿਚ ਇਸ ਭੇਦ ਦਾ ਪਤਾ ਲਗਦਾ ਹੈ। ਜਦੋਂ ਭਾਈ ਮਰਦਾਨਾ ਜੀ ਦਾ ਅਫ਼ਗਾਨਿਸਤਾਨ ਦੇ ਦਰਿਆ 'ਕੁੱਰਮ' ਕਿਨਾਰੇ ਦੇਹਾਂਤ ਹੋ ਗਿਆ ਤਾਂ ਬਾਬੇ ਵਾਪਸ ਤਲਵੰਡੀ ਪਿੰਡ ਪਰਤੇ। ਫਿਰ ਯਾਤਰਾਵਾਂ ਤੇ ਨਹੀਂ ਗਏ। ਕਰਤਾਰਪੁਰ ਵਸਾ ਕੇ ਹਲ ਵਾਹਿਆ। ਖੇਤੀ ਕੀਤੀ। ਉਦੋਂ ਤਕ ਮਾਪੇ ਤੇ ਰਾਇ ਬੁਲਾਰ ਸਾਹਿਬ ਸੰਸਾਰ ਤੋਂ ਵਿਦਾ ਹੋ ਚੁਕੇ ਸਨ। ਜਿਹੜੀ ਫ਼ਸਲ ਹੋਈ, ਉਹ ਸਾਰੀ ਲੰਗਰ ਵਿਚ ਪਾ ਕੇ ਅਰਦਾਸ ਕੀਤੀ। ਸਿਖਾਂ ਨੂੰ 'ਦਸਵੰਧ' ਕੱਢਣ ਦਾ ਹੁਕਮ ਹੈ। ਬਾਬਾ ਜੀ ਨੇ ਸਾਰੀ ਫ਼ਸਲ ਨਾਲ ਲੰਗਰ ਆਰੰਭਿਆ। ਦੱਸਣਾ ਸੀ ਕਿ ਕਿਰਤ ਸਰਬੋਤਮ ਹੈ। ਦੱਸਣਾ ਸੀ ਕਿ ਬਾਬਾ ਜੀ ਦੀ ਸਾਰੀ ਕਮਾਈ ਸਾਰੀ ਕਾਇਨਾਤ ਵਾਸਤੇ ਹੈ। ਕੇਵਲ ਬਾਣੀ ਨਹੀਂ- ਰਿਜ਼ਕ ਵੀ। ਲੋਕ ਸਾਰੀ ਉਮਰ ਕਿਰਤ ਕਰਦੇ ਹਨ। ਅਖੀਰ ਬੁਢੇਪੇ ਵਿਚ ਰੱਬ ਦਾ ਨਾਮ ਜਪਦੇ ਹਨ। ਗੁਰੂ ਬਾਬੇ ਨੇ ਦੁਨੀਆਂ ਤੋਂ ਉਲਟ ਕੀਤਾ। ਜੁਆਨ ਉਮਰ ਨਾਮ ਜਪਿਆ। ਬੁਢੇਵਾਰੇ ਖੇਤ ਵਾਹੇ, ਬੀਜੇ, ਵੱਢੇ। ਸਾਰੀ ਉਮਰ ਵਿਚ ਇਕ ਵੀ ਮਿਸਾਲ ਅਜਿਹੀ ਨਹੀਂ ਮਿਲਦੀ ਕਿ ਬਾਬਾ ਜੀ ਨੇ ਜੇਬ ਵਿਚ ਪੈਸੇ ਸੰਭਾਲੇ ਹੋਣ। ਦੂਜੇ ਪਾਸੇ, ਇਸ਼ਾਰਿਆਂ ਰਾਹੀਂ ਦੱਸ ਦਿੱਤਾ ਕਿ ਪੂੰਜੀ ਜਮ੍ਹਾ ਕਰਨੀ ਠੀਕ ਨਹੀਂ। ਭਾਈ ਮਰਦਾਨਾ ਜੀ ਨੂੰ ਕਿਤੋਂ ਅਸ਼ਰਫੀ ਮਿਲੀ। ਰਾਤ ਪਈ ਤਾਂ ਕਹਿਣ ਲਗੇ, "ਬਾਬਾ, ਡਰ ਲਗਦਾ ਹੈ।" ਕਿਉਂ ਲਗਦਾ

ਹੈ, ਕਿਸ ਤੋਂ ਡਰ ਲਗਦਾ ਹੈ, ਬਾਬਾ ਜੀ ਨੇ ਕੁੱਝ ਨਹੀਂ ਪੁੱਛਿਆ। ਬਸ ਏਨਾ ਕਿਹਾ, ''ਭਾਈ ਜਿਸ ਚੀਜ ਕਰਕੇ ਡਰ ਲਗਦਾ ਹੈ ਉਹ ਸੁੱਟ ਦੇਹ। ਡਰ ਹਟ ਜਾਵੇਗਾ।'' ਇਹ ਗਲ ਕੇਵਲ ਧਨ-ਦੌਲਤ ਉਪਰ ਲਾਗੂ ਨਹੀਂ। ਕੋਈ ਵੀ ਵਾਸਨਾ ਆਈ, ਤਾਂ ਡਰ ਨਾਲ ਦੀ ਨਾਲ ਆ ਗਿਆ। ਵਾਸਨਾ ਤੋਂ ਮੁਕਤ ਮਨੁੱਖ ਸ਼ਾਹਾਂ ਤੇ ਨਬੀਆਂ ਦਾ ਸਰਦਾਰ ਹੁੰਦਾ ਹੈ, ਜਿਵੇਂ ਗੁਰੂ ਬਾਬਾ ਜੀ ਸਨ।

ਸਾਖੀਕਾਰ ਕਲਜੁਗ ਦਾ ਬੜਾ ਭਿਆਨਕ ਰੂਪ ਚਿੱਤਰਦਾ ਹੈ। ਕੜਕਦੀਆਂ ਬਿਜਲੀਆਂ, ਘੋਰ ਪਾਉਂਦੀਆਂ ਘਟਾਵਾਂ, ਉਬਾਲ ਖਾ ਰਹੇ ਸਮੁੰਦਰ, ਜੰਗਲਾਂ ਨੂੰ ਸਾੜਦੀਆਂ ਆਕਾਸ਼ ਛੂੰਹਦੀਆਂ ਲਾਟਾਂ ਦੇ ਵਸਤਰ ਪਹਿਨ ਕੇ ਕਲਜੁਗ ਬਾਬੇ ਨੂੰ ਮਿਲਣ ਆਇਆ। ਵਣਤ੍ਰਿਣ ਹਰੇਕ ਪ੍ਰਾਣੀ ਕੰਬਣ ਲੱਗਾ। ਬਾਬਾ ਜੀ ਸ਼ਾਂਤ ਚਿਤ ਉਸ ਨੂੰ ਨਿਹਾਰਦੇ ਰਹੇ। ਕਲਯੁਗ ਨੂੰ ਸ਼ਾਂਤ ਹੋਣ ਲਈ ਕਿਹਾ ਤੇ ਪੁੱਛਿਆ-ਦਸ ਕਿਵੇਂ ਆਇਆ। ਕਲਯੁਗ ਨੇ ਕਿਹਾ-ਤੁਸਾਂ ਦੀ ਖਬਰਸਾਰ ਲੈਣ ਆਇਆ ਹਾਂ ਬਾਬਾ। ਨਮਸਕਾਰ ਕੀਤੀ। ਬਾਬੇ ਨੇ ਕਿਹਾ- ਤੇਰੀਓ ਵਾੜੀ ਦਾ ਤਾਂ ਮੈਂ ਅੰਗੂਰ ਹਾਂ। ਤੂੰ ਨਹੀਂ ਖ਼ਬਰ ਲਏਂਗਾ ਹੋਰ ਕੌਣ ਲਏਗਾ? ਕਲਯੁਗ ਨੇ ਕਿਹਾ-ਦੱਸੋ ਕੀ ਖਿਦਮਤ ਕਰਾਂ ਤੁਸਾਂ ਦੀ। ਬਾਬਾ ਜੀ ਨੇ ਕਿਹਾ- ਏਨਾ ਕਰੀਂ ਕਿ ਜੋ ਸਾਡੀ ਮੰਨੇ ਉਸਨੂੰ ਤੰਗ ਨਾ ਕਰੀਂ। ਕਲਯੁਗ ਨੇ ਕਿਹਾ- ਇਹ ਫੈਸਲਾ ਹੋ ਚੁੱਕਾ ਹੈ ਬਾਬਾ।ਜੋ ਤੇਰੀ ਮੰਨੇਗਾ, ਕਿਸੇ ਜੁੱਗ ਵਿਚ ਉਸ ਨੂੰ ਸੇਕ ਨਹੀਂ ਲਗੇਗਾ। ਨਮਸਕਾਰ ਕਰਕੇ ਸ਼ਾਂਤਚਿਤ ਕਲਯੁਗ ਪਰਤਿਆ।

ਰਾਇ ਬੁਲਾਰ ਜੀ ਨਾਲ ਬਾਬਾ ਜੀ ਦੀ ਇਕ ਹੋਰ ਸਾਂਝ ਦਾ ਜ਼ਿਕਰ ਸਾਡੀਆਂ ਸਾਖੀਆਂ ਵਿਚ ਨਹੀਂ ਆਉਂਦਾ। ਬਹੁਤ ਵੱਡੀ ਇਕ ਘਟਨਾ ਘਟੀ ਪਰ ਹੈਰਾਨ ਹਾਂ ਕਿ ਸਾਖੀਆਂ ਵਿਚ ਕਿਉਂ ਨਹੀਂ ਦਰਜ ਕੀਤੀ ਗਈ। ਇਹ ਸਾਖੀ ਨਨਕਾਣਾ ਸਾਹਿਬ ਵਿਚ ਮੈਨੂੰ ਇਕ ਨੇਕ-ਬਖ਼ਤ ਮੁਸਲਮਾਨ ਨੇ ਸੁਣਾਈ। ਨਨਕਾਣਾ ਸਾਹਿਬ ਮੱਥਾ ਟੇਕਿਆ, ਕੀਰਤਨ ਸੁਣਿਆ, ਲੰਗਰ ਛਕਿਆ। ਸੋਚਿਆ, ਮੁਸਲਮਾਨਾਂ ਨੂੰ ਮਿਲਾਂ ਗੱਲਾਂ ਕਰਾਂ। ਕਾਲਜ ਤਾਂ ਹੋਣਾ ਨਹੀ ਇੱਥੇ, ਸਕੂਲ ਹੋਇਗਾ। ਕਿਸੇ ਮਾਸਟਰ ਨੂੰ ਮਿਲੀਏ। ਪੁਲਸ ਅਫਸਰ ਨੂੰ ਦਸਿਆ ਕਿ ਮੈਂ ਪ੍ਰੋਫੈਸਰ ਹਾਂ। ਕਿਸੇ ਪ੍ਰੋਫੈਸਰ ਜਾਂ ਮਾਸਟਰ ਨੂੰ ਮਿਲਣਾ ਚਾਹੁੰਦਾ ਹਾਂ। ਡੀ. ਐਸ. ਪੀ. ਨੇ ਦੱਸਿਆ- ਅਹਿ ਇਧਰ ਦੋ ਕੁ ਫਰਲਾਂਗ ਤੇ ਕਾਲਜ ਹੈ, ਚਲੇ ਜਾਓ। ਤੁਰਦਾ ਗਿਆ।ਅਗੇ ਗੇਟ ਆ ਗਿਆ। ਅੰਗਰੇਜ਼ੀ ਅਤੇ ਉਰਦੂ ਅੱਖਰਾਂ ਵਿਚ ਲਿਖਿਆ ਹੋਇਆ ਸੀ- ਗੁਰੂ ਨਾਨਕ ਗੌਰਮਿੰਟ ਡਿਗਰੀ ਕਾਲਜ ਨਨਕਾਣਾ ਸਾਹਿਬ। ਅੰਦਰ ਲੰਘਿਆ। ਕੋਈ ਦਿੱਸਿਆ ਨਹੀਂ। ਚੌਕੀਦਾਰ ਨੇ ਸਲਾਮਾਲੇਕਮ ਆਖਿਆ ਤੇ ਕਿਹਾ- ਜੀ ਖਿਦਮਤ? ਮੈਂ ਕਿਹਾ ਕੋਈ ਪ੍ਰੋਫੈਸਰ ਨਹੀਂ? ਉਸ ਨੇ ਕਿਹਾ- ਹਨ। ਇਮਤਿਹਾਨ ਹੋ ਰਹੇ ਹਨ। ਡਿਊਟੀਆਂ ਤੇ ਹਨ। ਕੰਮ ਹੈ ਤਾਂ ਜਿਸ ਨੂੰ ਕਹੋ ਬੁਲਾ ਲਿਆਉਂਦਾ ਹਾਂ। ਮੈਂ ਕਿਹਾ- ਕੰਮ ਤਾਂ ਕੋਈ ਨਹੀਂ। ਘੰਟੇ ਨੂੰ ਫੇਰ ਆ ਜਾਵਾਂਗਾ ਪੰਜ ਵਜੇ। ਵਾਪਸ ਤੁਰ ਪਿਆ। ਇਕ ਸਾਢੇ ਛੇ ਫੁੱਟ ਲੰਮਾ 65-70 ਸਾਲ ਦਾ ਬਜੁਰਗ ਸਲਵਾਰ ਕਮੀਜ ਦਸਤਾਰ ਪਹਿਨੀ ਮੇਰੇ ਵਲ ਤੇਜ਼ੀ ਨਾਲ ਆਇਆ। ਸਰਦਾਰ ਜੀ ਸੱਤ ਸ੍ਰੀ ਅਕਾਲ।ਪਰਤ ਕਿਉਂ ਚਲੇ? ਮੈਂ ਤੁਹਾਨੂੰ ਦੇਖਿਆ ਤਾਂ ਲੇਬਰ ਨੂੰ ਛੁੱਟੀ ਦੇ ਦਿੱਤੀ। ਮੈਂ ਠੇਕੇਦਾਰ ਹਾਂ। ਮੁੰਡਿਆਂ ਲਈ ਹੋਸਟਲ ਬਣਾ ਰਿਹਾ ਹਾਂ। ਆਉ ਇਧਰ ਬੈਠੀਏ। ਗੱਲਾਂ ਕਰਾਂਗੇ। ਦੋ-ਤਿੰਨ ਕੁਰਸੀਆਂ ਮੰਗਵਾ ਲਈਆਂ। ਕੋਈ ਮਜ਼ਦੂਰ ਛੁੱਟੀ ਕਰਕੇ ਘਰ ਨਹੀਂ ਗਿਆ, ਸਾਰੇ ਸਾਡੇ ਇਰਦ-ਗਿਰਦ ਜ਼ਮੀਨ ਉਪਰ ਬੈਠ ਗਏ। ਗੱਲਾਂ ਦੌਰਾਨ ਮੈਂ ਪੁੱਛਿਆ- ਗੁਰਦੁਆਰਾ ਸਾਹਿਬ ਦੇ ਨਾਮ ਕਿੰਨੀ ਜ਼ਮੀਨ ਹੈ ਇਥੇ? ਉਸਨੇ ਕਿਹਾ- ਜੀ ਕਿਉਂ ਪੁੱਛੀ ਇਹ ਗੱਲ ? ਰਹਿਣ-ਸਹਿਣ ਖਾਣ-ਪੀਣ ਵਿਚ ਕੋਈ ਦਿੱਕਤ ਆਈ? ਮੈਂ ਕਿਹਾ-ਨਹੀਂ। ਕੋਈ ਕਮੀ ਨਹੀਂ ਰਹੀ। ਇਹ ਮੇਰੇ ਬਾਬੇ ਦਾ ਜਨਮ ਸਥਾਨ ਹੈ ਨਾ। ਇਸ ਵਾਸਤੇ ਕੀ ਮੇਰਾ ਫਿਕਰਮੰਦ ਹੋਣ ਦਾ ਹੱਕ ਨਹੀਂ? ਉਸਨੇ ਕਿਹਾ- ਬਿਲਕੁਲ ਨਹੀਂ। ਫਿਕਰ ਕਰਨ ਦਾ ਹੱਕ ਵੱਡਿਆਂ ਦਾ ਹੈ। ਸਾਡਾ ਤੁਹਾਡਾ ਹੱਕ ਬੰਦਗੀ ਕਰਨ ਦਾ ਹੈ। ਹਜ਼ਰਤ ਬਾਬਾ ਨਾਨਕ ਅਲਹਿ ਸਲਾਮ ਸਾਡਾ ਫਿਕਰ ਕਰਦਾ ਹੈ।

ਮੈਂ ਕਿਹਾ- ਦਰੁਸਤ। ਅੱਛਾ ਇਹ ਦੱਸੋ ਕਿ ਜਾਣਨ ਦਾ ਹੱਕ ਤਾਂ ਹੈ? ਉਸ ਨੇ ਕਿਹਾ ਹਾਂ।

ਜਾਣਨ ਦਾ ਹੱਕ ਹੈ। ਸਾਢੇ ਸੱਤ ਸੋ ਮੁਰੱਬਾ ਜ਼ਮੀਨ ਗੁਰਦੁਆਰੇ ਦੇ ਨਾਮ ਹੈ। ਫਿਰ ਪੁੱਛਿਆ- ਕੀ ਮਹਾਰਾਜਾ ਰਣਜੀਤ ਸਿੰਘ ਨੇ ਲੁਆਈ ਸੀ ਇਹ ਜ਼ਮੀਨ? ਠੇਕੇਦਾਰ ਨੇ ਕਿਹਾ- ਬਿਲਕੁਲ ਨਹੀਂ। ਇੰਨੀ ਜ਼ਮੀਨ ਕਿਸੇ ਗੁਰਦੁਆਰੇ ਦੇ ਨਾਮ ਮਹਾਰਾਜੇ ਨੇ ਨਹੀਂ ਲੁਆਈ। ਇਹ ਸਾਡੇ ਭੱਟੀਆਂ ਦੇ ਸਰਦਾਰ ਨੇ ਲੁਆਈ ਸੀ। ਮੈਂ ਫਿਰ ਪੁੱਛਿਆ- ਭੱਟੀਆਂ ਦਾ ਸਰਦਾਰ ਕੌਣ? ਉਸਨੇ ਕਿਹਾ ਭੱਟੀਆਂ ਦੇ ਸਰਦਾਰ ਨੂੰ ਨਹੀਂ ਜਾਣਦੇ? ਇਥੇ ਪੰਜਾਹ ਪਿੰਡਾਂ ਵਿਚ ਬੱਚੇ -ਬੱਚੇ ਨੂੰ ਉਸ ਦਾ ਤੇ ਬਾਬੇ ਦੇ ਨਾਮ ਦਾ ਪਤਾ ਹੈ। ਉਸਦਾ ਨਾਮ ਸੀ ਰਾਇ ਬੁਲਾਰ ਖ਼ਾਨ ਸਾਹਿਬ। ਇਥੇ ਬੜੇ ਪਿੰਡ ਹਨ ਜੀ ਭੱਟੀਆਂ ਦੇ। ਤੁਸਾਂ ਨਹੀ ਸਰਦਾਰ ਦਾ ਨਾਮ ਸੁਣਿਆ? ਮੈਂ ਕਿਹਾ- ਇਸ ਸਰਦਾਰ ਦਾ ਨਾਮ ਤਾਂ ਸਾਡੇ ਕਣ-ਕਣ ਵਿਚ ਰਸਿਆ ਹੋਇਆ ਹੈ ਭਰਾ, ਪਰ ਮੈਨੂੰ ਇਹ ਨਹੀਂ ਸੀ ਪਤਾ ਕਿ ਰਾਇ ਸਾਹਿਬ ਭੱਟੀ ਸਨ।

ਠੇਕੇਦਾਰ ਨੇ ਕਿਹਾ- ਜੀ ਅਸੀਂ ਭੱਟੀ, ਆਮ ਨਹੀਂ ਹਾਂ। ਮੈਂ ਵੀ ਭੱਟੀ ਆਂ। ਸਾਰਿਆਂ ਜਹਾਨਾਂ ਦੇ ਮਾਲਕ ਗੁਰੂ ਬਾਬੇ ਨੂੰ ਸਭ ਤੋਂ ਪਹਿਲਾਂ ਸਾਡੇ ਸਰਦਾਰ ਨੇ ਪਛਾਣਿਆ ਸੀ। ਇਕ ਕੋਹਿਨੂਰ ਦੀ ਸ਼ਨਾਖਤ ਕਰ ਲਈ ਸੀ ਭੱਟੀ ਸਰਦਾਰ ਨੇ, ਉਦੋਂ ਹੀ ਜਦੋਂ ਉਹ ਬਚਪਨ ਵਿਚ ਸੀ। ਹੁਣ ਸੁਣੋ ਜ਼ਮੀਨ ਦੇਣ ਦੀ ਗੱਲ। ਰਾਇ ਬੁਲਾਰ ਖਾਨ ਪੰਦਰਾਂ ਸੌ ਮੁਰੱਬਿਆਂ ਦਾ ਤਕੜਾ ਰਈਸ ਅਤੇ ਖੁੱਦਦਾਰ ਇਨਸਾਨ ਸੀ, ਪਰ ਸੀ ਨੇਕੀ ਦਾ ਮੁਜਸਮਾ। ਬਾਬਾ ਜੀ ਦਾ ਕਦਰਦਾਨ ਸੀ ਪੂਰਾ। ਉਸ ਦੀ ਉਮਰ ਚਾਲੀਆਂ ਤੋਂ ਟੱਪ ਚਲੀ ਪਰ ਔਲਾਦ ਨਹੀਂ ਸੀ। ਦਸਦੇ ਨੇ ਪਈ ਘੋੜੇ ਤੇ ਸਵਾਰ ਹੋ ਕੇ ਮੁਰੱਬਿਆਂ ਦਾ ਦੌਰਾ ਕਰਨ ਗਿਆ। ਗੁਰੂ ਬਾਬੇ ਦੀ ਉਮਰ 12-13 ਸਾਲ ਸੀ। ਬਾਬਾ ਮੱਝਾਂ ਚਾਰ ਰਿਹਾ ਸੀ। ਰਾਇ ਸਾਹਿਬ ਘੋੜੇ ਤੋਂ ਉਤਰੇ। ਜੋੜੇ ਉਤਾਰੇ। ਬਾਬਾ ਜੀ ਦੇ ਨਜ਼ਦੀਕ ਹੱਥ ਜੋੜ ਕੇ ਖਲੋ ਗਏ ਤੇ ਕਿਹਾ- ਬਾਬਾ ਮੇਰੀ ਮੁਰਾਦ ਪੂਰੀ ਕਰ।

ਲਉ ਜੀ ਮੇਰੀਆਂ ਅੱਖਾਂ ਸਾਹਮਣੇ ਜਨਮ ਸਾਖੀ ਦਾ ਇਹ ਦ੍ਰਿਸ਼ ਘੁੰਮ ਗਿਆ। ਮੈਂ ਜਾਣਦਾ ਸਾਂ ਕਿ ਇਹ ਘਟਨਾ ਵਾਪਰੀ ਸੀ। ਠੇਕੇਦਾਰ ਨੇ ਅੱਗੇ ਦੱਸਿਆ- ਜੀ ਕਦੀ ਬਾਲ ਘਰ ਵਿਚ ਖੇਡੇ, ਇਹ ਮੁਰਾਦ ਮਨ ਵਿਚ ਲੈ ਕੇ ਅਰਜ਼ ਗੁਜ਼ਾਰਨ ਗਏ ਸਨ। ਬਾਬਾ ਜੀ ਨੇ ਅਸੀਸਾਂ ਦਿੱਤੀਆਂ ਅਤੇ ਕਿਹਾ- ਰਾਇ ਤੁਸਾਂ ਦੀ ਮੁਰਾਦ ਪੂਰੀ ਹੋਈ, ਸ਼ੱਕ ਨਾਂ ਕਰਨਾ।

ਸਾਲ ਬਾਦ ਰਾਇ ਸਾਹਿਬ ਦੇ ਘਰ ਬੇਟੇ ਦਾ ਜਨਮ ਹੋਇਆ। ਸਰਦਾਰ ਏਨਾ ਖ਼ੁਸ਼ ਕਿ ਦਾਅਵਤ ਦਿੱਤੀ ਬੜੀ ਵੱਡੀ। ਜੀ ਨਵਾਬ ਸਾਹਿਬ ਖੁਦ ਆਏ ਸਨ ਦੌਲਤ ਖਾਨ ਸਾਹਿਬ ਇਸ ਜਸ਼ਨ ਵਿਚ ਸ਼ਿਰਕਤ ਕਰਨ। ਪਿੰਡਾਂ ਦੇ ਪਿੰਡ ਆਣ ਉਤਰੇ ਸਨ। ਇਸ ਭਾਰੀ ਇਕੱਠ ਵਿਚ ਸ਼ੁਕਰਾਨਾ ਕਰਨ ਮਗਰੋਂ ਰਾਇ ਸਾਹਿਬ ਨੇ ਆਪਣੀ ਅੱਧੀ ਜ਼ਮੀਨ ਹਜ਼ਰਤ ਬਾਬਾ ਨਾਨਕ ਦੇ ਨਾਮ ਇੰਤਕਾਲ ਤਬਦੀਲ ਕਰ ਦੇਣ ਦਾ ਐਲਾਨ ਕੀਤਾ। ਸੋ ਉਦੋਂ ਸਾਢੇ ਸੱਤ ਸੋ ਮੁਰੱਬੇ ਬਾਬਾ ਜੀ ਦੇ ਨਾਮ ਹੋਏ ਜੋ ਹੁਣ ਤਕ ਤੁਰੇ ਆਂਵਦੇ ਹਨ। ਪੰਦਰਾਂ ਕੁ ਸਾਲ ਪਹਿਲਾਂ ਸਾਡੇ ਖਿਆਲ ਵਿਚ ਇਹ ਗੱਲ ਆਈ ਪਈ ਮਾਲਕ ਅਸੀਂ, ਕਾਬਜ਼ ਅਸੀਂ, ਕਾਸ਼ਤਕਾਰ ਅਸੀਂ ਪਰ ਨਾਮ ਸਾਡਾ ਮਾਲ ਰਿਕਾਰਡ ਵਿਚ ਬੋਲਦਾ ਨਹੀਂ। ਅਸੀਂ ਇਸ ਜ਼ਮੀਨ ਉਪਰ ਨਜ਼ਾਇਜ ਕਬਜੇ ਪੁਸ਼ਤਾਂ ਤੋਂ ਕੀਤੇ ਹੋਏ ਹਨ। ਦੋ ਕੁ ਸੋ ਕਿੱਲੇ ਜ਼ਮੀਨ ਬਚੀ ਹੋਈ ਹੈ ਗੁਰਦਵਾਰੇ ਦੇ ਕਬਜ਼ੇ ਵਿਚ। ਬਾਕੀ ਦੀ ਭੱਟੀ ਵਾਹੁੰਦੇ ਬੀਜਦੇ ਹਨ।ਅਸੀਂ ਸ਼ੇਖੂਪੁਰੇ ਅਦਾਲਤ ਵਿਚ ਮੁਕੱਦਮਾ ਦਾਇਰ ਕਰ ਦਿੱਤਾ ਕਿ ਪਿਛਲੀ ਉਮਰੇ ਸਾਡੇ ਬਜ਼ੁਰਗਾਂ ਦੇ ਬਜ਼ੁਰਗ ਰਾਇਬੁਲਾਰ ਸਾਹਿਬ ਦਾ ਦਿਮਾਗ ਹਿੱਲ ਗਿਆ ਸੀ। ਉਸ ਨੇ ਅੱਧੀ ਜ਼ਮੀਨ ਇਕ ਫਕੀਰ ਨਾਨਕ ਦੇ ਨਾਮ ਕਰਵਾ ਦਿੱਤੀ ਪਰ ਉਸਦੇ ਹੱਕਦਾਰ ਅਸੀਂ ਹਾਂ। ਕਾਬਜ਼ ਕਾਸ਼ਤਕਾਰ ਵੀ ਖੁਦ ਹਾਂ। ਸਾਡੇ ਨਾਮ ਇੰਤਕਾਲ ਤਬਦੀਲ ਹੋਵੇ। ਲਉ ਜੀ ਤਲਬੀਆਂ ਇਤਲਾਹਾਂ, ਰਿਕਾਰਡ, ਬਹਿਸਾਂ ਸਭ ਹੋ ਗਈਆਂ। ਚਾਰ ਸਾਲ ਮੁਕੱਦਮੇ ਦੀ ਕਾਰਵਾਈ ਚੱਲੀ। ਫੈਸਲੇ ਦੀ ਤਰੀਕ ਆਈ ਤਾਂ ਫੈਸਲਾ ਸਾਡੇ ਖਿਆਫ। ਇੰਤਕਾਲ ਤਬਦੀਲ ਨਹੀਂ ਹੋ ਸਕਦਾ। ਅਸੀਂ ਲਾਹੌਰ ਹਾਈਕੋਰਟ ਵਿਚ ਅਪੀਲ ਦਾਇਰ ਕਰ ਦਿੱਤੀ। ਤਿੰਨ ਚਾਰ ਸਾਲ ਉਥੇ ਸੁਣਵਾਈ ਹੁੰਦੀ ਰਹੀ। ਜਜਮੈਂਟ ਹੋਈ, ਇੰਤਕਾਲ ਤਬਦੀਲ ਨਹੀਂ ਹੋ ਸਕਦਾ। ਅਪੀਲ ਖਾਰਜ ਦਾਖ਼ਲ

ਦਫਤਰ। ਅਸੀਂ ਜੀ ਸੁਪਰੀਮ ਕੋਰਟ ਇਸਲਾਮਾਬਾਦ ਅਪੀਲ ਦਾਇਰ ਕੀਤੀ। ਤਿੰਨ ਸਾਲ ਸੁਣਵਾਈ ਹੋਈ। ਅਖੀਰ ਜਦੋਂ ਫੈਸਲਾ ਸੁਣਾਉਣ ਦਾ ਵਕਤ ਆਇਆ ਤਾਂ ਬੈਂਚ ਨੇ ਕਿਹਾ- ਆਪਣੇ ਪੰਜ ਚਾਰ ਮੁਹਤਬਰ ਬੰਦੇ ਲੈ ਕੇ ਆਉਣਾ। ਵਕੀਲਾਂ ਨੂੰ ਨਹੀਂ ਲਿਆਉਣਾ। ਕੋਈ ਜਰੂਰੀ ਗੱਲ ਕਰਨੀ ਹੈ। ਅਸੀਂ ਪੁਛਿਆ ਜੀ ਕੀ ਗੱਲ ਕਰਨੀ ਹੈ, ਰਤਾ ਦੱਸੋ ਤਾਂ ਕਿ ਤਿਆਰੀ ਕਰਕੇ ਆਈਏ। ਆਪਸ ਵਿਚ ਸਲਾਹ ਜੋ ਕਰਨੀ ਹੋਈ। ਸਾਂਝਾ ਕੰਮ ਹੈ। ਜੱਜਾਂ ਨੇ ਕਿਹਾ- ਤੁਸੀਂ ਇਹ ਮੁਕੱਦਮਾ ਕਰਕੇ ਚੰਗਾ ਕੰਮ ਨਹੀਂ ਕੀਤਾ। ਇਹ ਦਸਣਾ ਹੈ। ਮਹੀਨਾ ਤਾਰੀਕ ਪਾ ਦਿੱਤੀ।

ਪਿੰਡਾਂ ਦੇ ਆਪਣੇ-ਆਪਣੇ ਇਕੱਠ ਹੋਏ। ਫਿਰ ਸਾਂਝੇ ਇਕੱਠ ਹੋਏ। ਅੱਠ ਬੰਦੇ ਚੁਣੇ ਗਏ ਜਿਹੜੇ ਬੈਂਚ ਨਾਲ ਗੱਲ ਕਰਨ ਅਦਾਲਤ ਜਾਣਗੇ। ਤਰੀਕ ਆ ਗਈ। ਸੈਂਕੜੇ ਬੰਦੇ ਅਦਾਲਤ ਦੇ ਬਾਹਰ ਪੁੱਜ ਗਏ। ਸਾਡੀ ਵਾਰੀ ਆਈ ਤਾਂ ਅੰਦਰ ਦਾਖਲ ਹੋਏ। ਇਕ ਮੈਂ ਵੀ ਸਾਂ। ਜੱਜਾਂ ਨੇ ਇੱਕ ਘੰਟੇ ਲਈ ਅਦਾਲਤ ਮੁਲਤਵੀ ਕਰ ਦਿੱਤੀ। ਸਾਨੂੰ ਪਿਛਲੇ ਕਮਰੇ ਵਿਚ ਲੈ ਗਏ। ਚਾਹ ਪਾਣੀ ਮੰਗਵਾ ਲਿਆ। ਫਿਰ ਗੱਲ ਤੋਰੀ। ਜੱਜ ਸਾਹਿਬਾਨ ਨੇ ਕਿਹਾ- ਅਸੀਂ ਬੜੀ ਬਾਰੀਕੀ ਨਾਲ ਇਹ ਕੇਸ ਦੇਖਿਆ ਹੈ। ਤੁਸੀਂ ਗਲਤ ਕੰਮ ਛੇੜ ਬੈਠੇ। ਜਿਨ੍ਹਾਂ ਫਕੀਰਾਂ ਉਪਰ ਮੁਕੱਦਮੇ ਦਾਇਰ ਕੀਤੇ ਉਨ੍ਹਾਂ ਤੋਂ ਮੁਰਾਦਾਂ ਮੰਗਦੇ ਤਾਂ ਠੀਕ ਸੀ। ਉਹ ਨੇਕਬਖ਼ਤ ਇਨਸਾਨ ਜਿਨ੍ਹਾਂ ਦੀ ਬਦੌਲਤ ਤੁਸੀਂ ਦੁਨੀਆਂ ਦੀ ਰੌਸ਼ਨੀ ਦੇਖੀ, ਤੁਸੀਂ ਉਨ੍ਹਾਂ ਉਪਰ ਮੁਕੱਦਮੇ ਕੀਤੇ। ਦਿਮਾਗ ਹੱਲ ਜਾਣ ਵਰਗੇ ਬਦ ਇਲਜ਼ਾਮ ਲਾਏ। ਸਰਦਾਰ ਰਾਇ ਬੁਲਾਰ ਖਾਨ ਸਾਹਿਬ ਦਾ ਦਿਮਾਗ ਅੱਧਾ ਤਾਂ ਕਾਇਮ ਰਿਹਾ ਜੋ ਅੱਧੀ ਜ਼ਮੀਨ ਬਚਾ ਲਈ। ਜਿਸ ਫਕੀਰ ਦੇ ਨਾਮ ਅੱਧੀ ਜ਼ਮੀਨ ਦਾ ਇੰਤਕਾਲ ਕਰਵਾਇਆ ਉਸ ਦਾ ਦਿਮਾਗ ਤਾਂ ਪੂਰਾ ਹੱਲ ਗਿਆ ਸੀ ਕਿਉਂਕਿ ਉਸ ਨੇ ਕਦੇ ਇਸ ਜ਼ਮੀਨ ਵਲ ਦੇਖਿਆ ਭੀ ਨਹੀਂ। ਉਸ ਦੀ ਔਲਾਦ ਨੇ ਇਸ ਉਪਰ ਹੱਕ ਨਹੀਂ ਜਮਾਇਆ। ਸਿੱਖਾਂ ਨੇ ਕਦੀ ਨਾ ਇਹ ਜ਼ਮੀਨ ਰੋਕੀ, ਨਾ ਦਾਅਵੇ ਅਦਾਲਤਾਂ ਵਿਚ ਕੀਤੇ। ਤੁਸੀਂ ਇਸ ਉਪਰ ਪੁਸ਼ਤਾਂ ਤੋਂ ਨਜਾਇਜ਼ ਕਬਜ਼ੇ ਕੀਤੇ ਹੋਏ ਹਨ, ਹੁਣ ਅਦਾਲਤਾਂ ਵਿਚ ਦਾਅਵੇ ਕੀਤੇ। ਦਸ ਬਾਰਾਂ ਸਾਲਾਂ ਤੋਂ ਤੁਸੀਂ ਵੱਡਿਆਂ ਦੀ ਬੇਅਦਬੀ ਕਰਦੇ ਆਏ ਹੋ, ਕਿਸੇ ਨੇ ਅਕਲ ਨਹੀਂ ਦਿੱਤੀ ਕਿ ਗੁਨਾਹ ਨਾ ਕਰੋ? ਜ਼ਮੀਨਾਂ ਤੋਂ ਵਧੀਕ ਉਹ ਤੁਹਾਨੂੰ ਪਿਆਰ ਕਰਦੇ ਸਨ। ਤੁਸੀਂ ਉਨ੍ਹਾਂ ਦਰਵੇਸਾਂ ਨੂੰ ਨਫ਼ਰਤ ਕਰਦੇ ਹੋ ਤੇ ਜ਼ਮੀਨਾਂ ਨਾਲ ਪਿਆਰ ਪਾ ਲਿਆ। ਤੁਹਾਡੇ ਕੋਲ ਹੀ ਰਹੇਗੀ ਜ਼ਮੀਨ। ਮੁਕੱਦਮਾ ਨਾ ਕਰਦੇ ਤਾਂ ਠੀਕ ਹੁੰਦਾ।

ਅਸੀਂ ਕਿਹਾ, ਜੀ ਜ਼ਮੀਨ ਸਾਡੇ ਈ ਕਬਜ਼ੇ ਵਿਚ ਹੈ ਪਰ ਰਿਕਾਰਡ ਮਾਲ ਵਿਚ ਸਾਡਾ ਨਾਮ ਨਹੀਂ। ਜੱਜਾਂ ਨੇ ਕਿਹਾ- ਨਾਮ ਨਹੀਂ ਰਹੇਗਾ। ਨਾ ਤੁਹਾਡਾ ਨਾ ਸਾਡਾ। ਨਾਮ ਰਹੇਗਾ ਅੱਲਾਹ ਪਰਵਰਦਗਾਰ ਦਾ। ਨਾਮ ਰਹੇਗਾ ਉਸ ਦੀ ਬੰਦਗੀ ਕਰਨ ਵਾਲਿਆਂ ਦਰਵੇਸਾਂ ਦਾ। ਉਹ ਜਿਹੜੇ ਚੰਦ ਤਾਰਿਆਂ ਦੇ ਮਾਲਕ ਹਨ ਉਹੀ ਰਹਿਣਗੇ, ਹੋਰ ਨਹੀਂ ਰਹੇਗਾ ਕੋਈ। ਸਾਡੀ ਤੁਹਾਨੂੰ ਇਹ ਸਲਾਹ ਹੈ ਕਿ ਮੁਕੱਦਮਾ ਵਾਪਸ ਲੈ ਲਉ। ਅਸੀਂ ਕਿਹਾ, ਜੀ ਬਾਹਰ ਸਾਡਾ ਭਾਈਚਾਰਾ ਖਲੋਤਾ ਹੈ। ਉਸ ਨਾਲ ਸਲਾਹ ਕਰ ਲਈਏ। ਜੱਜਾਂ ਨੇ ਕਿਹਾ- ਜ਼ਰੂਰ ਕਰੋ। ਹੁਣ ਸਾਢੇ ਗਿਆਰਾਂ ਵੱਜੇ ਹਨ। ਸ਼ਾਮੀ ਚਾਰ ਵਜੇ ਤਕ ਸਲਾਹ ਕਰ ਲਉ। ਜੇ ਮੁਕੱਦਮਾ ਵਾਪਸ ਨਾ ਲਿਆ ਤਾਂ ਫਿਰ ਅਸੀਂ ਫੈਸਲਾ ਸੁਣਾ ਦਿਆਂਗੇ। ਅਦਾਲਤ ਤੋਂ ਬਾਹਰ ਤੁਹਾਨੂੰ ਅਸੀਂ ਇਹ ਇਕ ਸਲਾਹ ਦਿੱਤੀ ਹੈ। ਇਹ ਸਲਾਹ ਮੰਨਣ ਦੇ ਤੁਸੀ ਪਾਬੰਦ ਨਹੀਂ। ਫੈਸਲਾ ਸ਼ਾਮੀ ਸੁਣਾਵਾਂਗੇ

ਅਸੀਂ ਬਾਹਰ ਆ ਗਏ। ਭਾਈਚਾਰਾ ਉਡੀਕ ਰਿਹਾ ਸੀ। ਸਾਰੀ ਗੱਲ ਦੱਸੀ। ਸੋਚਣ ਵਿਚਾਰਨ ਲੱਗੇ। ਦਿਮਾਗ ਰਿੜਕੇ। ਅਖੀਰ ਵਿਚ ਫੈਸਲਾ ਹੁਇਆ ਕਿ ਦੋਹਾਂ ਵਿਚੋਂ ਇਕ ਦੀ ਚੋਣ ਕਰਨੀ ਹੈ। ਅਪੀਲ ਵਾਪਸ ਲੈਣੀ ਹੈ ਕਿ ਮੁਕੱਦਮਾ ਹਾਰਨ ਦੀ ਜੱਜਮੈਂਟ ਲੈਣੀ ਹੈ। ਜੱਜਾਂ ਦੀਆਂ ਗੱਲਾਂ ਤੋਂ ਦਿੱਸ ਗਿਆ ਸੀ ਕਿ ਜਿੱਤਣ ਦਾ ਸਵਾਲ ਨਹੀਂ ਪੈਦਾ ਹੁੰਦਾ। ਅਸਾਂ ਸਾਰਿਆਂ ਨੇ ਮੁਕੱਦਮਾ ਵਾਪਸ ਲੈਣ ਦਾ ਫੈਸਲਾ ਕੀਤਾ। ਸ਼ਾਮੀ ਚਾਰ ਵਜੇ ਵਕੀਲਾਂ ਸਣੇ ਹਾਜ਼ਰ ਹੋ ਕੇ ਅਪੀਲ ਵਾਪਸ ਲੈ ਲਈ। ਅਸੀਂ ਬਚ ਗਏ ਸਰਦਾਰ ਜੀ। ਅਪੀਲ ਵਾਪਸ ਨਾ ਲੈਂਦੇ ਤਾਂ ਹਾਰਨਾ ਸੀ। ਦੁਨੀਆਂ ਵੀ ਜਾਣੀ ਸੀ ਦੀਨ ਵੀ। ਹੁਣ

ਦੋਵੇਂ ਬਚ ਗਏ। ਅਗਲੀ ਦਰਗਾਹ ਵਿਚ ਇਨ੍ਹਾਂ ਦਰਵੇਸ਼ਾਂ ਸਾਹਮਣੇ ਖਲੋ ਕੇ ਗੁਨਾਹਾਂ ਦੀ ਮੁਆਫੀ ਮੰਗਣ ਜੋਗੇ ਰਹਿ ਗਏ। ਉਹ ਬੜੇ ਰਹਿਮਦਿਲ ਹਨ ਜੀ। ਆਪਣੀ ਔਲਾਦ ਦੀਆਂ ਗਲਤੀਆਂ ਮਾਪੇ ਬਖਸ਼ ਦਿਆ ਕਰਦੇ ਹਨ। ਦੇਖੋ ਭਰਾ ਜੀ ਕਿੰਨੀਆਂ ਤਾਕਤਾਂ ਦੇ ਮਾਲਕ ਹਨ ਹਜ਼ਰਤ ਬਾਬਾ ਨਾਨਕ। ਸਦੀਆਂ ਬੀਤ ਗਈਆਂ ਪਰ ਨੇਕੀ ਕਰਨ ਦਾ ਹੁਕਮ ਅਜੇ ਕਿਸੇ ਨਾ ਕਿਸੇ ਜ਼ਰੀਏ ਪੁਚਾ ਰਹੇ ਹਨ। ਸੁਪਰੀਮ ਕੋਰਟ ਨੂੰ ਕਿਹਾ ਕਿ ਇਨ੍ਹਾਂ ਨੂੰ ਗਲਤ ਰਸਤੇ ਭਟਕਣ ਤੋਂ ਰੋਕ। ਸੁਪਰੀਮ ਕੋਰਟ ਨੇ ਰੋਕਿਆ। ਬਾਬਾ ਜੀ ਨੇ ਸੁਪਰੀਮ ਕੋਰਟ ਤੋਂ ਸਾਡੀ ਹੱਤਕ ਨਹੀਂ ਕਰਵਾਈ। ਵਰਜਿਆ ਵੀ। ਇੱਜ਼ਤ ਵੀ ਰੱਖੀ। ਉਸ ਦੇ ਨਾਮ ਨੂੰ ਲੱਖ ਸਲਾਮ। ਅੱਜ ਵੀ ਮਾਲ ਰਿਕਾਰਡ ਅਨੁਸਾਰ ਇਹਨਾਂ ਮੁਰੱਬਿਆਂ ਵਿਚ ਗੁਰੂ ਬਾਬਾ ਨਾਨਕ ਖੇਤੀ ਕਰਦਾ ਹੈ।

ਇਹ ਨਿਕੀ ਜਿਹੀ ਸੰਗਤ ਬਹੁਤ ਪਿਆਰ ਨਾਲ ਗੁਰੂ ਬਾਬੇ ਦੇ ਜਸ ਗਾਉਂਦੀ ਉਠੀ। ਮੈਂ ਵਾਪਸ ਗੁਰਦੁਆਰੇ ਪੁੱਜਾ। ਪੰਜਵੀਂ ਵਿਚ ਪੜ੍ਹਦਾ ਛੋਟਾ ਬੇਟਾ ਸੁਖਨਬੀਰ ਕਹਿਣ ਲੱਗਾ- ਕਿਥੇ ਚਲੇ ਗਏ ਸੀ? ਘੰਟੇ ਦੇ ਉਡੀਕੀ ਜਾਂਦੇ ਹਾਂ। ਦੱਸਿਆ ਨੀਂ ਸੀ ਕਿ ਜੋੜੇ ਖਰੀਦਣ ਚੱਲਾਂਗੇ? ਬਹੁਤ ਸੁਹਣੇ ਅਤੇ ਹੰਢਣਸਾਰ ਹਨ ਇਥੋਂ ਦੇ ਜੋੜੇ। ਮੈਂ ਕਿਹਾ- ਚੰਗੀਆਂ ਗੱਲਾਂ ਸੁਣ ਕੇ ਆਇਆ ਹਾਂ। ਵੱਡੇ ਸਤਵੀਂ ਦੇ ਵਿਦਿਆਰਥੀ ਹੁਸਨਬੀਰ ਨੇ ਕਿਹਾ- ਜਿਥੇ ਜਾਵਾਂਗੇ ਚੰਗੀਆਂ ਗੱਲਾਂ ਸੁਣਨ ਨੂੰ ਮਿਲਣਗੀਆਂ। ਇਹ ਬਾਬੇ ਦਾ ਦੇਸ ਹੈ ਨਾ। ਚਲੋ ਬਜਾਰ ਚੱਲੀਏ।

ਵੱਡੀ ਸਾਰੀ ਦੁਕਾਨ ਅੰਦਰ ਦਾਖਲ ਹੋਏ। ਬੱਚੇ ਜੁੱਤੀਆਂ ਪਸੰਦ ਕਰਨ ਲਗੇ। ਮੈਂ ਮੋਚੀ ਨਾਲ ਗੱਲੀਂ ਲੱਗ ਗਿਆ। ਪੁਛਿਆ- ਹਿੰਦੁਸਤਾਨ ਵਿਚੋਂ ਚਾਰ ਕੁ ਵਾਰੀ ਜਥੇ ਆਉਂਦੇ ਹਨ। ਅਗੋਂ ਪਿਛੋਂ ਤੁਹਾਡਾ ਕਾਰੋਬਾਰ ਕਿਵੇਂ ਚੱਲਦਾ ਹੈ? ਉਹ ਬੋਲਿਆ- ਜੀ ਵਧੀਕ ਰੌਣਕ ਤਾਂ ਤੁਹਾਡੇ ਆਉਣ ਨਾਲ ਹੀ ਹੁੰਦੀ ਹੈ ਪਰ ਸਾਰੀ ਦੁਨੀਆਂ ਵਿਚੋਂ ਸਿੱਖਾਂ ਦੇ ਕਾਫਲੇ ਆਉਂਦੇ ਈ ਰਹਿੰਦੇ ਹਨ। ਬੜੇ ਧਨਾਢ ਆਉਂਦੇ ਹਨ ਜੀ। ਕਈ ਤਾਂ ਆਪਣਾ ਜਹਾਜ਼ ਹੀ ਲੈ ਆਉਂਦੇ ਨੇ। ਲੰਮੀਆਂ ਲੰਮੀਆਂ ਲਿਸ਼ਕਾਰੇ ਮਾਰਦੀਆਂ ਕਾਰਾਂ ਦੇ ਕਾਫਲੇ ਉਤਰਦੇ ਹਨ। ਪਰਿਵਾਰਾਂ ਦੇ ਪਰਿਵਾਰ ਆਉਂਦੇ ਹਨ। ਕੋਈ ਮਹੀਨਾ ਮਹੀਨਾ ਕੋਈ ਦੋ ਦੋ ਮਹੀਨੇ ਭੀ ਰਹਿੰਦੇ ਹਨ। ਮੈਂ ਪੁਛਿਆ ਤੁਸੀਂ ਤਾਂ ਸਾਰਿਆਂ ਦੇਸਾਂ ਦੇ ਕਾਫਲੇ ਦੇਖੇ ਹਨ, ਸਾਡੇ ਹਿੰਦੁਸਤਾਨੀ ਸਿੱਖਾਂ ਵਰਗੇ ਸਿਦਕਵਾਨ ਹਨ ਉਹ ਵੀ ਕਿ ਕੋਈ ਫਰਕ ਲੱਗਾ। ਮੋਚੀ ਬੋਲਿਆ- ਫਰਕ ਹੈ। ਇਥੇ ਜਿੰਨਾ ਸਮਾਂ ਰਹਿੰਦੇ ਹਨ ਉਹ ਪੈਰੀਂ ਜੁੱਤੀ ਨਹੀਂ ਪਾਉਂਦੇ। ਨੰਗੇ ਪੈਰੀਂ ਘੁੰਮਦੇ ਹਨ। ਆਖਦੇ ਹਨ- ਸਾਡੇ ਬਾਬੇ ਦੀ ਧਰਤੀ ਹੈ। ਲੱਖ ਸੁਰਗਾਂ ਤੋਂ ਉਤਮ। ਤੁਸੀਂ ਜੋੜੇ ਪਹਿਨੇ ਹੋਏ ਹਨ, ਹੋਰ ਜੋੜੇ ਲੈਣੇ ਹਨ। ਉਹ ਨੰਗੇ ਪੈਰੀਂ ਫਿਰਦੇ ਹਨ ਨਨਕਾਣਾ ਸਾਹਿਬ ਵਿਚ। ਆਪਣੇ ਕਾਰੋਬਾਰ ਖਿਲਾਫ਼ ਗੱਲਾਂ ਕਰ ਰਿਹਾ ਹਾਂ ਸਰਦਾਰ ਜੀ ਪਰ ਪੀਰਾਂ ਦੇ ਪੀਰ ਦੀ ਰਹਿਮਤ ਬੇਅੰਤ ਹੈ। ਚਾਰ ਪੈਸਿਆਂ ਕਰਕੇ ਝੂਠ ਕਿਉਂ ਬੋਲਾਂ। ਗੁਰੂ ਨਾਨਕ ਸਾਹਿਬ ਬਾਬਾ-ਇ-ਆਲਮ ਬੁੱਕਾਂ ਭਰ ਭਰ ਆਪ ਦੇਈ ਜਾਂਦਾ ਹੈ ਸਾਨੂੰ ਅਸ਼ਰਫੀਆਂ।

ਕਲਮ-ਦਵਾਤ ਲੈ ਕੇ ਅੱਜ ਮੇਰੀ ਥਾਂ ਜੇ ਪੁਰਾਣਾ ਸਾਖੀਕਾਰ ਬੈਠਾ ਹੁੰਦਾ ਤਦ ਆਖਰੀ ਸ਼ਬਦ ਇਉਂ ਲਿਖਦਾ: ਰਾਇ ਬੁਲਾਰ ਜੀ ਕੀ ਸਾਖੀ ਸੰਪੂਰਨ ਹੋਈ ਗੁਰਪ੍ਰਸਾਦਿ ਨਾਲ। ਬੀਤੇ ਸਮਿਆਂ ਵਿਚ ਮਹਾਂਪੁਰਖਾਂ ਕੀ ਕਮਾਈ ਵੰਡੀ ਜਾਂਦੀ। ਘਰ ਜਮੀਨ ਕਟੁੰਬ ਕੈ ਨਾਮ। ਪੁੰਨ ਸੇਵਕਾਂ ਕੇ। ਪਾਪ ਨਿੰਦਕਾਂ ਕੇ। ਰਿਦੈ ਕਾ ਗਿਆਨ ਜੱਗਿਆਸੂਆਂ ਕਾ। ਗੁਰੂ ਬਾਬੇ ਕਾ ਸਾਰਾ ਕਿਛੁ ਸਗਲ ਸੰਸਾਰਾਂ ਕੇ ਨਾਮ। ਜਿਸ ਮਹਲ ਮਹਿ ਗੁਰੂ ਬਾਬੇ ਕਾ ਟਿਕਾਣਾ ਤਿਥੈ ਮਿਹਰਬਾਨੀ ਓ ਮਿਹਰਬਾਨੀ। ਹੋਰ ਕਿਛੁ ਨਹੀਂ। ਸਭ ਮੰਗਲ ਗਾਵਹੁ ਜੀ:

*ਹਰਖ ਅਨੰਤ ਸੋਗ ਨਹੀਂ ਬੀਆ।।*
*ਸੋ ਘਰਿ ਗੁਰਿ ਨਾਨਕ ਕਉ ਦੀਆ।।*

ਮ.5 ਗਉੜੀ, ਅੰਗ 186

ਬੋਲਹੁ ਜੀ ਵਾਹਿਗੁਰੂ ਵਾਹਿਗੁਰੂ। ਦਿਨ ਛਨਿਛਰ। ਤਰੀਕ ਸਤਾਈ। ਮਹੀਨਾ ਸਤੰਬਰ। ਸਾਲ ਦੋ ਹਜਾਰ ਤਿੰਨ। ਧੰਨ ਬਾਬਾ ਗੁਰੂ ਨਾਨਕ ਦੇਵ ਮਹਾਰਾਜ। ਧੰਨ ਉਸਕੇ ਸਿਖ।

*ਮੁਖੀ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ*

# ਖਾਲਸਾ ਪੰਥ ਦਾ ਆਗਾਜ਼ ਤੇ ਸੰਪੂਰਨਤਾ

## ਸੋਹਣ ਸਿੰਘ

11ਵੀਂ ਸਦੀ ਤੋਂ 17ਵੀਂ ਸਦੀ ਦੇ ਸਮੇਂ ਭਾਰਤ ਵਿਚ ਆਮ ਇਨਸਾਨੀਅਤ ਤੇ ਖਾਸ ਕਰਕੇ ਹਿੰਦੂ ਧਰਮ ਦੀ ਗਿਲਾਨੀ ਇੰਤਹਾ ਤੇ ਪਹੁੰਚ ਚੁੱਕੀ ਸੀ, ਕਿਉਂਕਿ ਜਾਤ ਪਾਤ, ਊਚ ਨੀਚ, ਫਜ਼ੂਲ ਦੇ ਕਰਮ ਕਾਂਡ ਅਤੇ ਮੁਸਲਿਮ ਹਕੂਮਤ ਦੇ ਜ਼ੁਲਮ ਰਾਹੀਂ ਹਿੰਦੂ ਜਨਤਾ ਦੇ ਮਨੋਬਲ ਨੂੰ ਖੋਰਾ ਲੱਗ ਚੁੱਕਿਆ ਸੀ। ਗਰੀਬ ਮਸਕੀਨ ਜਨਤਾ ਦੀ ਪੁਕਾਰ ਸੁਣ ਪ੍ਰਮਾਤਮਾ ਦੇ ਹੁਕਮ ਅਨੁਸਾਰ ਭਾਰਤ ਵਿਚ ਭਗਤੀ ਲਹਿਰ ਨੇ ਜਨਮ ਲਿਆ। ਉਤਰ ਵਿਚ ਸੁਆਮੀ ਰਾਮਾ ਨੰਦ, ਭਗਤ ਕਬੀਰ, ਭਗਤ ਰਵਿਦਾਸ, ਪੱਛਮ ਵਿਚ ਗੁਰੂ ਨਾਨਕ ਸਾਹਿਬ, ਭਗਤ ਧੰਨਾ, ਮੀਰਾਂ ਬਾਈ ਜੀ, ਸੇਖ ਫਰੀਦ ਜੀ ਅਤੇ ਦੱਖਣ ਵਿਚ ਭਗਤ ਨਾਮ ਦੇਵ ਤੇ ਭਗਤ ਤ੍ਰਿਲੋਚਨ ਜੀ ਨੇ ਆਪਣੀ ਆਪਣੀ ਅਨੁਭਵਤਾ/ਸੂਝ ਬੂਝ ਅਨੁਸਾਰ ਫੈਲੇ ਨਿਘਾਰ ਨੂੰ ਸੁਲਝਾਉਣ ਦਾ ਉਪਰਾਲਾ ਅਰੰਭਿਆ। ਭਗਤ ਕਬੀਰ ਸਾਹਿਬ (ਜੋ ਗੁਰੂ ਨਾਨਕ ਸਾਹਿਬ ਤੋਂ ਕਾਫੀ ਸਮਾਂ ਪਹਿਲਾਂ ਹੋਏ ਹਨ) ਨੇ ਸੰਪੂਰਨ ਇਨਸਾਨ (ਖਾਲਸੇ) ਦਾ ਨਮੂਨਾ ਪੇਸ਼ ਕੀਤਾ ਹੈ।

*ਬੁਤ ਪੂਜਿ ਪੂਜਿ ਹਿੰਦੂ ਮੂਏ*
*ਤੁਰਕ ਮੂਏ ਸਿਰੁ ਨਾਈ।*
*ਓਇ ਲੈ ਜਾਰੇ ਓਇ ਲੈ ਗਾਡੇ*
*ਤੇਰੀ ਗਤਿ ਦੁਹੂ ਨ ਪਾਈ।*
*ਬੇਦ ਪੁਰਾਨ ਸਭੈ ਮਤ*
*ਸੁਨਿ ਕੈ ਕਰੀ ਕਰਮ ਕੀ ਆਸਾ*
*ਕਾਲ ਗ੍ਰਸਤ ਸਭ ਲੋਗ ਸਿਆਨੇ*
*ਉਠਿ ਪੰਡਿਤ ਪੈ ਚਲੇ ਨਿਰਾਸਾ।*
*ਪਰਿਓ ਕਾਲੁ ਸਭੈ ਜਗ ਊਪਰ*
*ਮਾਹਿ ਲਿਖੇ ਭ੍ਰਮ ਗਿਆਨੀ*
*ਕਹੁ ਕਬੀਰ ਜਨ ਭਏ ਖਾਲਸੇ*
*ਪ੍ਰੇਮ ਭਗਤਿ ਜਿਹ ਜਾਨੀ।* 654 ਕਬੀਰ ਜੀ

ਉਨ੍ਹਾਂ ਕਿਹਾ ਕਿ ਬੁਤ/ਕਬਰਾਂ ਪੂਜਣ ਨਾਲ ਜਾਂ ਵੇਦ ਪੁਰਾਨ/ਕਤੇਬਾਂ ਪੜ੍ਹਣ ਨਾਲ ਪ੍ਰਮਾਤਮਾ/ਖੁਦਾ ਦੇ ਦਰਬਾਰ ਤਕ ਪਹੁੰਚ ਨਹੀਂ ਹੋ ਸਕਦੀ। ਪ੍ਰੰਤੂ ਹਉਮੈ ਛੱਡ, ਪ੍ਰੇਮ ਭਗਤੀ ਹੀ ਇਸ ਦਾ ਰਾਹ ਹੈ। ਇਸ ਤਰ੍ਹਾਂ ਇਨਸਾਨ ਸੰਪੂਰਨ ਬਣ ਸਕਦਾ ਹੈ ਤੇ ਖਾਲਸਾ ਅਖਵਾਉਣ ਦਾ ਹੱਕਦਾਰ ਹੋ ਸਕਦਾ ਹੈ। ਉਨ੍ਹਾਂ ਵੰਗਾਰ ਕੇ ਕਿਹਾ ਕਿ ਪ੍ਰਭੂ ਭਗਤੀ ਕਰਨ ਦੇ ਰਾਹ ਤੇ ਸ਼ਰਤ ਰਹਿਤ ਆਪਾ ਸਮਰਪਨ ਕਰਨ ਦੀ ਲੋੜ ਹੈ।

*ਜਉ ਤਉ ਪ੍ਰੇਮ ਖੇਲਨ ਦਾ ਚਾਉ*
*ਸਿਰ ਧਰ ਤਲੀ ਗਲੀ ਮੇਰੀ ਆਉ।*

ਕਬੀਰ ਸਾਹਿਬ ਭਾਵੇਂ ਅਨਪੜ੍ਹ ਸਨ, ਗਰੀਬ ਸਨ, ਨੀਵੀਂ ਜਾਤ ਨਾਲ ਸਬੰਧ ਰੱਖਦੇ ਸਨ ਪ੍ਰੰਤੂ ਪ੍ਰੇਮ ਪ੍ਰਭੂ ਭਗਤ ਵਿਚ ਨਿਪੁੰਨ, ਇਸ ਲਈ ਉਨ੍ਹਾਂ ਦੀ ਸਿੱਖਿਆ ਨੇ ਕਾਫੀ ਜਨਤਾ ਨੂੰ ਪ੍ਰਭਾਵਿਤ ਕੀਤਾ। ਇਸ ਤਰ੍ਹਾਂ ਕਬੀਰ ਪੰਥੀ ਲਹਿਰ ਚੱਲੀ ਤੇ ਇਨਸਾਨੀਅਤ ਨੂੰ ਲੱਗੀ ਖੋਰ ਢਿੱਲੀ ਪੈਣੀ ਸ਼ੁਰੂ ਹੋਈ।

ਗੁਰੂ ਨਾਨਕ ਸਾਹਿਬ ਨੇ ***ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛਕਣਾ*** ਦੇ ਅਸੂਲ ਅਪਨਾਏ ਤੇ ਆਪਣੀ ਸਰੀਰਕ ਜ਼ਿੰਦਗੀ ਵਿਚ ਇਨ੍ਹਾਂ ਨੂੰ ਕਮਾ ਕੇ ਦਿਖਾਇਆ ਤੇ ਆਪਣੇ ਸ਼ਰਧਾਲੂਆਂ ਤੋਂ ਦ੍ਰਿੜ ਕਰਵਾਇਆ। ਉਨ੍ਹਾਂ ਗ੍ਰਸਤੀ ਜੀਵਨ ਅਪਣਾ ਕੇ ***ਸਚਹੁ ਉਰੇ ਸਭ ਕੋ ਉਪਰ ਸਚ ਅਚਾਰ*** ਦਾ ਧਾਰਨੀ ਬਣ ਇਹ ਸਿਧ ਕੀਤਾ ਕਿ ਕਿੱਦਾਂ ਨਿਰਭੈਤਾ ਤੇ ਨਿਰਵੈਰਤਾ (ਜੋ ਮੂਲ ਮੰਤਰ ਦਾ ਨਿਚੋੜ ਹੈ) ਨੂੰ ਹਾਸਲ ਕੀਤਾ ਜਾ ਸਕਦਾ ਹੈ। ਉਨ੍ਹਾਂ ਹਿੰਦੂ ਮੱਤ ਤੇ ਇਸਲਾਮ ਵਿਚ ਆਏ ਨਿਘਾਰ ਨੂੰ ਨਜਿੱਠਣ ਲਈ ਉਚੀ ਅਵਾਜ਼ 'ਚ ਇਹ ਨਾਅਰਾ ਲਗਾਇਆ ਕਿ

*ਨ ਕੋ ਹਿੰਦੂ ਨ ਮੁਸਲਮਾਨ*

ਇਸ ਤਰ੍ਹਾਂ ਖਾਲਸੇ ਪੰਥ ਦਾ ਆਗਾਜ਼ ਹੋਇਆ। ਭਾਰਤ ਵਿਚ ਇਨਸਾਨੀਅਤ ਦੀ ਗੰਭੀਰ ਤੇ ਲੰਬੀ ਗਿਲਾਨੀ ਨੂੰ ਦੂਰ ਕਰਨ ਵਾਸਤੇ ਲੰਬੇ ਸਮੇਂ ਤੋਂ ਕੁਰਬਾਨੀਆਂ ਦੀ ਅਵੱਸ਼ ਲੋੜ ਸੀ। ਇਸ ਲਈ ਅਗਲੇ 9 ਗੁਰੂਆਂ ਨੇ 240 ਸਾਲ ਦੇ ਸਮੇਂ 'ਚ ਖਾਲਸਾ ਪੰਥ ਦੀ ਨੀਂਹ ਪੱਕਿਆਂ ਕਰਨ ਲਈ ਕਈ ਤਰ੍ਹਾਂ ਦੀਆਂ ਲੋੜੀਦੀਆਂ ਕਾਰਵਾਈਆਂ ਤੇ ਕੁਰਬਾਨੀਆਂ ਕਰਕੇ ਆਪੋ ਆਪਣਾ ਨਿੱਗਰ ਹਿੱਸਾ ਪਾਇਆ।

***ਗੁਰੂ ਅੰਗਦ ਦੇਵ ਜੀ*** : ਗੁਰੂ ਦਾ ਹੁਕਮ ਮੰਨਣ ਦੀ ਜਾਚ ਸਿਖਾਈ। ਗੁਰਮੁਖੀ ਲਿਪੀ ਨੂੰ ਸੋਧ ਕੇ ਗੁਰਮੁਖੀ ਸਾਹਿਤ ਲਿਖਣਾ/ਪੜ੍ਹਣਾ ਅਰੰਭ ਹੋਇਆ।

***ਗੁਰੂ ਅਮਰਦਾਸ ਜੀ:*** ਗੁਰੂ ਦੀ ਸੇਵਾ ਨਿਭਾਉਣ ਦੀ

ਜਾਚ ਸਿਖਾਈ। ਪੰਗਤ ਤੇ ਸੰਗਤ ਦੀ ਰੀਤ ਚਲਾ ਕੇ ਊਚ ਨੀਚ, ਜਾਤ ਪਾਤ, ਦਾ ਵਿਤਕਰਾ ਹਟਾਇਆ। ਸਤੀ ਕੁਰੀਤੀ ਤੇ ਕੁੜੀ ਮਾਰ ਦੇ ਖਿਲਾਫ਼ ਪ੍ਰਚਾਰ 'ਸਿੱਖੀ ਦਾ ਧੁਰਾ' ਗੋਇੰਦਵਾਲ ਸਾਹਿਬ ਇਕ ਤੀਰਥ ਬਣਾਇਆ।

*ਗੁਰੂ ਰਾਮ ਦਾਸ ਜੀ:* ਅੰਮ੍ਰਿਤਸਰ ਸਰੋਵਰ ਤੇ ਸ਼ਹਿਰ ਵਸਾਇਆ। ਜੋ ਸਿੱਖੀ ਦੀ ਤਾਕਤ ਦਾ ਸੋਮਾ ਬਣਿਆ।

*ਗੁਰੂ ਅਰਜਨ ਦੇਵ ਜੀ:* ਹਰਿਮੰਦਰ ਸਾਹਿਬ ਦੀ ਨੀਂਹ ਸਾਈ ਮੀਆਂ ਮੀਰ ਤੋਂ ਰਖਵਾ ਕੇ ਉਹਨੂੰ ਉਸਾਰਿਆ ਤੇ ਇਸ ਵਿਚ 4 ਦਰਵਾਜੇ ਰੱਖ ਜਾਤਪਾਤ ਦੇ ਵਿਤਕਰੇ ਨੂੰ ਠੱਲ ਪਾਈ। ਉਸ ਵਿਚ ਆਦਿ ਗੁਰੂ ਗ੍ਰੰਥ ਜੋ ਜਾਤ ਪਾਤ, ਊਚ ਨੀਚ ਤੇ ਪ੍ਰਾਂਤ ਪ੍ਰਤੀ ਵਿਤਕਰਾ ਰਹਿਤ ਸੰਤਾਂ/ਭਗਤਾਂ/ਫਕੀਰਾਂ ਦੀ ਬਾਣੀ ਦਾ ਸੰਗ੍ਰਿਹ ਹੈ, ਨੂੰ ਸਥਾਪਤ ਕੀਤਾ। ਇਹ ਵਿਸ਼ਵ ਦੀ ਸਾਰੀ ਲੁਕਾਈ ਲਈ ਗਿਆਨ ਦਾ ਸੋਮਾ ਸਾਬਤ ਹੋਇਆ। ਖਾਲਸੇ ਪੰਥ ਵਿਚ ਧਰਮ ਹਿਤ ਸ਼ਹੀਦੀ ਦੀ ਪਹਿਲੀ ਮਿਸਾਲ ਪੇਸ਼ ਕੀਤੀ।

*ਗੁਰੂ ਹਰਿਗੋਬਿੰਦ ਸਾਹਿਬ ਜੀ:* ਗੁਰੂ ਅਰਜਨ ਦੇਵ ਜੀ ਦੀ ਦਰਦਨਾਕ ਸ਼ਹੀਦੀ ਨੇ ਗੁਰੂ ਹਰਿਗੋਬਿੰਦ ਨੂੰ

*ਚੁਕਾਰ ਅਜ਼ ਹਮਹ ਹੀਲਤੇ ਦਰ ਗੁਜਸ਼ਤ।*
*ਹਲਾਲ ਅਸਤੁ ਬੁਰਦਨੁ ਬ ਸਮਸੀਰ ਅਸਤ।*

ਦੇ ਅਸੂਲ ਨੂੰ ਅਪਨਾਉਣ ਲਈ ਮਜ਼ਬੂਰ ਕਰ ਦਿੱਤਾ। ਉਨ੍ਹਾਂ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਆਪਣੇ ਸਿੱਖਾਂ ਨੂੰ ਸਾਸ਼ਤਰ ਵਿੱਦਿਆ ਤੇ ਘੋੜ ਸਵਾਰੀ ਦੀ ਉਚੀ ਟ੍ਰੇਨਿੰਗ ਦਿੱਤੀ। ਜ਼ਾਲਮ ਹਕੂਮਤ ਨਾਲ ਟੱਕਰ ਲੈਣ ਲਈ ਤਿਆਰ ਕੀਤਾ। ਉਨ੍ਹਾਂ ਬਾਦਸ਼ਾਹ ਦੇ ਤਖਤ ਤੋਂ ਵੀ ਉੱਚਾ ਅਕਾਲ ਤਖਤ ਬਣਵਾ ਧਾਰਮਿਕ, ਸਮਾਜਕ ਤੇ ਸਿਆਸੀ ਫੈਸਲੇ ਆਪ ਹੀ ਕਰਨੇ ਸ਼ੁਰੂ ਕਰ ਦਿੱਤੇ। ਅਕਾਲ ਤਖਤ ਅੱਜ ਵੀ ਖਾਲਸੇ ਪੰਥ ਦਾ ਸਿੱਖਾਂ ਪ੍ਰਤੀ ਹੁਕਮਨਾਮੇ ਜਾਰੀ ਕਰਨ ਲਈ ਸਰਵ ਉਤਮ ਸਥਾਨ ਹੈ। ਇਸ ਤਰ੍ਹਾਂ ਸਿੱਖਾਂ ਦਾ ਮਨੋਬਲ ਉਚਾ ਹੋਇਆ ਤੇ ਉਨ੍ਹਾਂ ਗੁਰੂ ਸਾਹਿਬ ਦੀ ਛਤਰ ਛਾਇਆ ਹੇਠ 4 ਲੜਾਈਆਂ ਵੀ ਜਿੱਤੀਆਂ। ਗਵਾਲੀਅਰ ਦੇ ਕਿਲ੍ਹੇ ਵਿਚੋਂ ਆਪਣੇ ਨਾਲ 52 ਸਾਥੀ ਕੈਦੀ ਰਾਜਿਆਂ ਨੂੰ ਛੁਡਵਾ ਕੇ ਲਿਆਉਣ ਨਾਲ ਬੰਦੀ ਛੋੜ ਦੇ ਨਾਮ ਨਾਲ ਜਾਣੇ ਜਾਣ ਲੱਗੇ।

ਗੁਰੂ ਹਰਿਗੋਬਿੰਦ ਸਾਹਿਬ ਨੇ ਮਾਲਾ ਦੇ ਨਾਲ ਤਲਵਾਰ ਫੜਾ ਦੇ ਆਪ ਸਿੱਖਾਂ ਵਿਚ ਰਾਜਿਆਂ ਦੀ ਸਪਿਰਟ ਫੂਕ ਕੇ ਆਪਣੀ ਦਿਬਦ੍ਰਿਸ਼ਟੀ ਰਾਹੀਂ ਖਾਲਸਾ ਪੰਥ ਨੂੰ ਸਿੰਚਣ ਵਿਚ ਬੇਮਿਸਾਲ ਹਿੱਸਾ ਪਾਇਆ ਹੈ। ਇਸ ਪ੍ਰਤੀ ਹਿੰਦੂ ਜਨਤਾ ਤੇ ਖਾਲਸਾ ਪੰਥ ਨੂੰ ਹਮੇਸ਼ਾ ਰਿਣੀ ਰਹਿਣਾ ਬਣਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਸੀ ਸੇਧ ਨੂੰ ਅਪਣਾਇਆ ਤੇ ਅੱਗੇ ਪ੍ਰਫੁੱਲਤ ਕੀਤਾ।

*ਗੁਰੂ ਹਰਿ ਰਾਏ ਸਾਹਿਬ ਜੀ ਤੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ :* ਪ੍ਰਭੂ ਭਗਤੀ ਦੇ ਪ੍ਰਚਾਰ ਰਾਹੀਂ ਗੁਰੂ ਨਾਨਕ ਲਹਿਰ (ਖਾਲਸਾ ਪੰਥ) ਨੂੰ ਮਜ਼ਬੂਤ ਤੇ ਪ੍ਰਫੁੱਲਤ ਕੀਤਾ।

*ਗੁਰੂ ਤੇਗ ਬਹਾਦਰ ਸਾਹਿਬ ਜੀ:* ਹਿੰਦੂ ਧਰਮ ਦੀ ਖਾਤਰ ਕਸ਼ਮੀਰੀ ਪੰਡਤਾਂ (ਜੋ ਉਸ ਸਮੇਂ ਹਿੰਦੂ ਧਰਮ ਦੇ ਮੋਹਰੀ ਸਮਝੇ ਜਾਂਦੇ ਸਨ) ਦੀ ਪੁਕਾਰ ਸੁਣ ਦਿੱਲੀ ਵਿਚ ਸ਼ਹੀਦੀ ਪ੍ਰਾਪਤ ਕਰਕੇ ਆਪਣੇ ਲਹੂ ਨਾਲ ਖਾਲਸੇ ਪੰਥ ਦੀ ਨੀਂਹ ਨੂੰ ਸਿੰਚਿਆ ਤੇ ਹਿੰਦ ਦੀ ਚਾਦਰ ਕਹਿਲਾਏ।

*ਤਿਲਕ ਜੰਞੂ ਰਾਖਾ ਪ੍ਰਭ ਤਾਕਾ*
*ਕੀਨੋ ਬਡੋ ਕਲੂ ਮਹਿ ਸਾਕਾ।*
*ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਆ ਪਯਾਨ*
*ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂ ਆਨ॥*

*ਗੁਰੂ ਗੋਬਿੰਦ ਸਿੰਘ ਜੀ:* ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੇ ਗੁਰੂ ਗੋਬਿੰਦ ਸਾਹਿਬ ਜੀ ਨੂੰ ਆਪਣੇ ਦਾਦਾ ਜੀ ਵਾਂਗੂੰ

*ਚੂ ਕਾਰ ਅਜ਼ ਹਮਹ ਹੀਲਤੇ ਦਰ ਗੁਜਸ਼ਤ।*
*ਹਲਾਲ ਅਸਤੁ ਬੁਰਦਨ ਬ ਸਮਸੀਰ ਦਸਤ।* ਦੀ

ਪਾਲਣਾ ਕਰਨੀ ਪਈ। ਪ੍ਰਭੂ ਭਗਤੀ ਦੇ ਨਾਲ ਨਾਲ ਯੁੱਧ 'ਚ ਜ਼ਾਲਮ ਹਕੂਮਤ ਨਾਲ ਟੱਕਰ ਲੈਣ ਦੀਆਂ ਤਿਆਰੀਆਂ ਵੀ ਅਰੰਭੀਆਂ ਤੇ ਅਨੰਦਪੁਰ ਸਾਹਿਬ ਵਿਖੇ ਕਿਲੇ ਵੀ ਬਣਵਾਏ। 1699 ਵਿਸਾਖੀ ਵਾਲੇ ਦਿਨ, ਭਰੇ ਦੀਵਾਨ 'ਚੋਂ ਸਿਰ ਲੱਥ ਪੰਜ ਪਿਆਰਿਆਂ (ਭਾਈ ਦਯਾ ਸਿੰਘ ਖਤਰੀ ਲਾਹੌਰ ਤੋਂ, ਭਾਈ ਧਰਮ ਸਿੰਘ ਜੱਟ, ਹਸਤਨਾਪੁਰ ਦਿੱਲੀ ਤੋਂ, ਭਾਈ ਹਿੰਮਤ ਸਿੰਘ ਝਿਊਰ ਜਗਨਨਾਥ ਉੜੀਸਾ, ਭਾਈ ਮੋਹਕਮ ਸਿੰਘ ਧੋਬੀ ਦੁਆਰਕਾ ਗੁਜਰਾਤ ਤੋਂ, ਭਾਈ ਸਾਹਿਬ ਸਿੰਘ ਨਾਈ ਬਿਦਰ ਕਰਨਾਟਕ ਤੋਂ) ਨੂੰ ਚੁਣ ਇਕ ਊਚ ਨੀਚ, ਅਮੀਰ-ਗਰੀਬ ਜਾਤ-ਪਾਤ ਅਤੇ ਪ੍ਰਾਂਤ ਵਿਤਕਰੇ ਤੋਂ ਉਪਰ ਉਠ ਇਕ ਗੁਲਦਸਤਾ ਬਣਾ ਦਿੱਤਾ। ਇਕ ਬਾਟੇ ਵਿਚ ਖੰਡਾ ਤੇ ਗੁਰਬਾਣੀ ਨਾਲ ਸਿੰਚਿਆ ਹੋਇਆ ਅੰਮ੍ਰਿਤ ਉਨ੍ਹਾਂ ਨੂੰ ਛਕਾਇਆ ਤੇ ਆਪ ਉਨ੍ਹਾਂ ਤੋਂ ਛਕਿਆ।

*ਜਾਗਤ ਜੋਤ ਜਪੈ ਨਿਸ ਬਾਹਰ*
*ਏਕ ਬਿਨਾ ਮਨ ਨੇਕ ਨਾ ਮਾਨੈ।*
*ਪੂਰਨ ਜੋਤ ਜਗੈ ਘਟ ਮੈ*
*ਤਬ ਖਾਲਸ ਤਾਹਿ ਨਖਾਲਸ ਜਾਨੈ।*

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਭਾਰਤ ਵਿਚ 250 ਸਾਲ ਪਹਿਲੋਂ ਚੱਲੀ ਖਾਲਸਾ ਲਹਿਰ ਨੂੰ ਸੰਪੂਰਨਤਾ ਬਖਸ਼ੀ ਤੇ ਪੰਜ ਪਿਆਰਿਆਂ ਦੀ ਪੰਚਾਇਤ ਘੜੀ।

ਗੁਰੂ ਸਾਹਿਬ ਨੇ ਸਿੱਖਾਂ ਨੂੰ ਬਾਹਰ ਮੁਖੀ ਤੇ ਅੰਤਰ ਮੁਖੀ ਕੁਦਰਤੀ ਪਵਿੱਤਰ ਜੀਵਨ ਬਤੀਤ ਕਰਨ ਵਾਸਤੇ ਹੁਕਮ ਦਿੱਤਾ। ਸਾਰੇ ਗੁਰੂਆਂ ਦੀ ਉਲੀਕੀ ਹੋਈ ਸਿੱਖਿਆ 'ਚ ਪਰਪੱਕ ਰਹਿਣ ਦੇ ਨਾਲ ਨਾਲ ਸ਼ਸਤਰਧਾਰੀ ਹੋ, ਦੀਨ ਦੀ ਬਾਂਅ ਫੜਣ ਲਈ ਵੰਗਾਰ ਦਿੱਤੀ ਤਾਂ ਜੋ ਸਿੱਖ ਇਕ ਸੰਤ ਸਿਪਾਹੀ ਨੇ ਗ੍ਰੰਥ ਸਾਹਿਬ ਨੂੰ ਗੁਰੂ ਪਦਵੀ ਬਖਸ਼ ਕੇ ਇਸ ਦੀ ਅਗਵਾਈ ਹੇਠ ਪੰਜਾਂ ਪਿਆਰਿਆਂ ਨੂੰ ਪੰਚਾਇਤ ਰੂਪੀ ਹੱਕ ਵੀ ਦਿੱਤੇ। ਉਨ੍ਹਾਂ ਖਾਲਸੇ ਨੂੰ ਕਈ ਤਰ੍ਹਾਂ ਦੇ ਵਰਦਾਨ ਬਖਸ਼ੇ ਤੇ ਨਾਲੇ ਚਿਤਾਵਣੀ ਵੀ ਦਿੱਤੀ

*ਖਾਲਸਾ ਅਕਾਲ ਪੁਰਖ ਦੀ ਫੌਜ*
*ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥*
*ਖਾਲਸਾ ਮੇਰੋ ਰੂਪ ਹੈ ਖਾਸ,*
*ਖਾਲਸੇ ਮਹਿ ਹੋ ਕਰੋ ਨਿਵਾਸ॥*
*ਜਬ ਲਗ ਖਾਲਸਾ ਰਹੇ ਨਿਆਰਾ*
*ਤਬ ਲਗ ਤੇਜ ਦੀਓ ਮੈ ਸਾਰਾ॥*
*ਜਬ ਇਹ ਗਏ ਬਿਪਰਨ ਦੀ ਰੀਤ*
*ਮੈ ਨ ਕਰੋ ਇਨ ਕੀ ਪ੍ਰਤੀਤ॥*

ਤਵਾਰੀਖ ਗਵਾਹ ਹੈ ਕਿ ਸਾਰੇ ਗੁਰੂਆਂ ਨੇ ਆਪੋ ਆਪਣੇ ਸਮੇਂ 'ਚ ਖਾਲਸੇ ਨੂੰ ਸਰਬੱਤ ਦੇ ਭਲੇ ਲਈ ਜ਼ਮਾਨੇ ਦੇ ਅਨੁਕੂਲ ਨਵੀਨ ਸੇਧ ਦੇ ਕੇ ਇਸ ਦੀ ਚੜ੍ਹਦੀ ਕਲਾ ਸਬੰਧੀ ਪਵਿੱਤਰ ਹਿੱਸਾ ਪਾਇਆ ਹੈ। ਇਸੀ ਦੇ ਸਦਕਾ ਆਟੇ 'ਚ ਲੂਣ ਹੁੰਦਿਆਂ ਹੋਇਆਂ ਸਿੰਘਾਂ ਨੇ 1200 ਸਾਲਾ ਜ਼ਾਲਮ ਹਕੂਮਤ ਨੂੰ ਹਿਲਾ ਦਿੱਤਾ ਤੇ ਸਰਬਹਿਤੂ ਹਕੂਮਤ ਬਣਾ ਲਈ। ਅੱਜ ਬਿਪਰਨ ਦੀ ਰੀਤ ਦੀ ਛਾਇਆ ਥਲੇ ਵਿਚਰ ਰਹੇ ਸਿੱਖਾਂ ਨੂੰ ਗੁਰੂ ਸਾਹਿਬਾਂ ਦੇ ਦਸੇ ਰਾਹ ਨੂੰ ਅਪਨਾਉਣ ਦੀ ਲੋੜ ਹੈ ਤਾਂ ਜੋ ਸਿੱਖਾਂ ਵਿਚ ਪਤਿਤ ਪੁਣੇ ਤੇ ਨਸ਼ਾਖੋਰੀ ਦੇ ਰੁਝਾਨ ਨੂੰ ਠੱਲ੍ਹ ਪੈ ਸਕੇ ਤੇ ਖਾਲਸਾ ਚੜ੍ਹਦੀ ਕਲਾ ਵਿਚ ਰਹੇ।

*3027, ਸੈਕਟਰ 27-ਡੀ, ਚੰਡੀਗੜ੍ਹ*

# ਐਸਾ ਕੀਰਤਨ ਕਰ ਮਨ ਮੇਰੇ

ਗੁਰਜੰਤ ਸਿੰਘ ਰਾਹੀ

ਕੀਰਤਨ ਇਕ ਸਾਧਨ ਹੈ ਸੁਰਤ ਨੂੰ ਸ਼ਬਦ ਨਾਲ ਜੋੜਨ ਦਾ। ਰਾਗ ਅੱਲਾ ਵਲੋਂ ਰੂਹ ਨੂੰ ਦਿੱਤਾ ਗਿਆ ਇਕ ਸੱਦਾ ਹੈ। ਜਿਸ ਨੂੰ ਸੁਣਦਿਆਂ ਹੀ ਰੂਹ ਵਜਦ ਖੇੜੇ ਵਿਚ ਆ ਜਾਂਦੀ ਹੈ। ਇਕਾਗਰ ਹੋ ਜਾਂਦੀ ਹੈ। ਇਕਾਗਰ ਹੋ ਕੇ ਸੁਣਿਆ ਸ਼ਬਦ ਰੂਹ ਨੂੰ ਪ੍ਰੀਤਮ ਕੇ ਦੇਸ਼ ਲੈ ਜਾਂਦਾ ਹੈ ਕਿਉਂਕਿ ਸ਼ਬਦ ਬਾਨੀ ਵਿਚੋਂ ਹੈ ਬਾਨੀ ਕਿਸੇ ਵਿਅਕਤੀ ਦੀ ਨਹੀਂ ਇਹ ਖਸਮ ਕੀ ਬਾਨੀ ਹੈ, ਗੁਰੂ ਕੀ ਬਾਨੀ ਹੈ, ਮਹਾਂਪੁਰਖਾਂ ਦੀ ਬਾਨੀ ਹੈ, ਧੁਰ ਕੀ ਬਾਨੀ ਹੈ, ਗੁਰੂ ਸਰੂਪ ਕੀ ਬਾਨੀ ਹੈ। ਜੋ ਮਨੁੱਖ ਨੂੰ ਆਪਣੇ ਧੁਰੇ ਨਾਲ ਜੋੜਦੀ ਹੈ। ਜਦੋਂ ਕਿ ਹੋਰ ਦੁਨੀਆਵੀ ਗੀਤ ਸੰਗੀਤ ਸੰਸਾਰ ਨਾਲ ਜੋੜਦੇ ਹਨ। ਇਸੇ ਕਰਕੇ ਅਜਿਹੇ ਗੀਤਾਂ ਨੂੰ ਸੁਣਨ ਤੋਂ ਵਰਜਿਆ ਹੈ। ਅਜਿਹੇ ਗੀਤ ਸੰਸਾਰ ਨਾਲ ਜੋੜਦੇ ਹਨ ਨਿਰੰਕਾਰ ਨਾਲੋਂ ਤੋੜਦੇ ਹਨ। ਜੋ ਟੁੱਟ ਕੇ ਵਿਛੜ ਜਾਂਦਾ ਹੈ, ਉਹ ਦੁਖੀ ਹੁੰਦਾ ਹੈ, ਭਟਕਦਾ ਹੈ। ਕਦੇ ਵੀਚਾਰਾਂ ਵਿਚ ਕਦੇ ਦੁਨੀਆ ਵਿਚ। ਆਪਣੇ ਮੂਲ ਨਾਲੋਂ ਵਿਛੜ ਕੇ ਕੋਈ ਸੁਖੀ ਨਹੀਂ ਰਹਿ ਸਕਦਾ। ਮਨੁੱਖ ਸਚਿਆਰ ਹੋ ਕੇ ਸਦਾ ਆਪਣੇ ਮੂਲ ਨਾਲ ਜੁੜਿਆ ਰਹੇ ਅਤੇ ਉਸਦਾ ਜੀਵਨ ਸੁਖੀ ਅਨੰਦਮਈ ਹੋਵੇ। ਇਸ ਦਾ ਇਕੋ ਇਕ ਤਰੀਕਾ ਹੈ ਸ਼ਬਦ ਨਾਲ ਜੁੜੇ ਰਹਿਣਾ।

ਮਨ ਦਾ ਸੁਭਾਅ ਹੈ ਡੋਲਣਾ, ਟਿਕਾਅ ਵਿਚ ਨਾ ਰਹਿਣਾ, ***ਕਬਹੂ ਜੀਅੜਾ ਊਭ ਚੜਤ ਹੈ ਕਬਹੂ ਜਾਇ ਪਇਆਲੇ॥ ਲੋਭੀ ਜੀਅੜਾ ਥਿਰ ਨਾ ਰਹਤ ਹੈ ਚਾਰੇ ਕੁੰਡਾਂ ਭਾਲੇ॥***

ਮਨ ਨੂੰ ਟਿਕਾਉਣ ਲਈ ਸੰਗੀਤ ਇਕ ਵਧੀਆ ਸਾਧਨ ਹੈ। ਰਾਗ ਦੁਆਰਾ ਧੁਰ ਦੀ ਬਾਣੀ ਦਾ ਗਾਇਨ ਕਰਨਾ ਕੀਰਤਨ ਅਖਵਾਉਂਦਾ ਹੈ। ਭਾਵੇਂ ਸੰਗੀਤ ਨੂੰ ਕਲਾ ਦੇ ਖੇਤਰ ਵਿਚ ਰੱਖਿਆ ਜਾਂਦਾ ਹੈ। ਪਰ ਗੁਰਬਾਣੀ ਗਾਉਣ ਵਾਲੇ ਨੂੰ ਕਲਾਕਾਰ ਨਹੀਂ ਕਹਿੰਦੇ ਸਗੋਂ ਸਤਿਕਾਰ ਨਾਲ ਗੁਰੂ ਕੇ ਕੀਰਤਨੀਏ ਜਾਂ ਰਾਗੀ ਸਿੰਘ ਕਹਿੰਦੇ ਹਨ। ਭਾਵੇਂ ਅਜਿਹੇ ਬਹੁਤੇ ਕੀਰਤਨੀਏ ਆਪਣੇ ਆਪ ਨੂੰ ਰਾਗੀ ਘਟ ਤੇ ਕਲਾਕਾਰ ਜ਼ਿਆਦਾ ਸਮਝਣ ਲਗ ਪਏ ਹਨ। ਇਹ ਉਨ੍ਹਾਂ ਦਾ ਭਰਮ ਹੈ। ਗੁਰਬਾਣੀ ਨੇ ਜੇ ਕਿਸੇ ਨੂੰ ਵਾਹ ਵਾਹ ਦਿੱਤੀ ਹੈ ਜਾਂ ਭਲਾ ਕਿਹਾ ਹੈ ਤਾਂ ਸਿਰਫ਼ ਕੀਰਤਨੀਏ ਨੂੰ ***ਭਲੋ ਭਲੋ ਰੇ ਕੀਰਤਨੀਆ*** ।

ਕੀਰਤਨ ਗਾਇਨ ਕੰਠ ਸੰਗੀਤ ਦੇ ਖੇਤਰ ਵਿਚ ਆਉਂਦਾ ਹੈ। ਭਾਵੇਂ ਸਾਰੇ ਰਾਗ ਤਾਲ ਭਾਰਤੀ ਸੰਗੀਤ ਵਾਲੇ ਹਨ ਫਿਰ ਵੀ ਕੀਰਤਨ ਸ਼ੈਲੀ ਇਕ ਵੱਖਰੀ ਸ਼ੈਲੀ ਹੈ। ਇਸ ਲਈ ਜ਼ਰੂਰੀ ਨਹੀਂ ਕਿ ਕੋਈ ਵੱਡਾ ਗਾਇਕ ਇਕ ਵਧੀਆ ਕੀਰਤਨੀਆ ਵੀ ਹੋਵੇ। ਗੁਰੂ ਸਾਹਿਬਾਨ ਦੇ ਵੇਲੇ ਤੋਂ ਲੈ ਕੇ ਅੱਜ ਤਕ ਗੁਰਮਤਿ ਵਿਚ ਕੀਰਤਨ ਦੀ ਪ੍ਰਧਾਨਤਾ ਰਹੀ ਹੈ। ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਨਿਰੋਲ ਕੀਰਤਨ ਦੀ ਪ੍ਰੰਪਰਾ ਪਿਛਲੀਆਂ ਚਾਰ ਸਦੀਆਂ ਤੋਂ ਚਲੀ ਆ ਰਹੀ ਹੈ। ਉਹ ਕੀਰਤਨ ਜੋ ਰਾਗ ਅਧਾਰਤ ਅਤੇ ਰਾਗ ਵੀ ਸਮੇਂ ਅਨੁਸਾਰ ਅਤੇ ਰੁਤ ਅਨੁਸਾਰ ਗਾਉਣ ਦੀ ਹਦਾਇਤ ਹੈ। ਆਪਣੇ ਸਮੇਂ ਦੇ ਵੱਡੇ ਵੱਡੇ ਨਾਮੀ ਕਲਾਕਾਰ ਵੀ ਦਰਬਾਰ ਸਾਹਿਬ ਦੇ ਕੀਰਤਨੀਆਂ ਦੀ ਕਲਾ ਅੱਗੇ ਸਿਰ ਝੁਕਾਉਂਦੇ ਸਨ ਅਤੇ ਉਨ੍ਹਾਂ ਨੂੰ ਸਾਹਮਣੇ ਬੈਠ ਕੇ ਸੁਣਨਾ ਆਪਣਾ ਧੰਨ ਭਾਗ ਸਮਝਦੇ ਸਨ। ਸ੍ਰੀ ਹਰਿਮੰਦਰ ਸਾਹਿਬ ਵਿਖੇ ਸਵੇਰੇ 2:45 ਤੋਂ ਲੈ ਕੇ ਰਾਤੀ 9:30 ਤਕ ਤਕਰੀਬਨ 18-20 ਘੰਟੇ ਕੀਰਤਨ ਹੁੰਦਾ ਹੈ। ਕੀਰਤਨ ਦੇ ਸਮੇਂ ਨੂੰ 15 ਚੌਕੀਆਂ ਵਿਚ ਵੰਡਿਆ ਗਿਆ ਹੈ। ਜਿਵੇਂ:

ਤਿੰਨ ਪਹਿਰ ਦੀ ਚੌਕੀ, ਆਸਾ ਦੀ ਵਾਰ ਦੀ ਚੌਕੀ, ਬਿਲਾਵਲ ਦੀ ਚੌਕੀ, ਚਰਨ ਕਮਲ ਦੀ ਚੌਕੀ, ਸੋਦਰ ਦੀ ਚੌਕੀ, ਕਲਿਆਣ ਦੀ ਚੌਕੀ ਆਦਿ

ਆਮ ਤੌਰ ਤੇ ਇਨ੍ਹਾਂ ਚੌਕੀਆਂ ਦੇ ਨਾਮ ਵੀ ਰਾਗਾਂ ਦੇ ਨਾਂ ਉਪਰ ਹੀ ਰੱਖੇ ਗਏ ਹਨ ਤਾਂ ਕਿ ਕੀਰਤਨ ਜਿਥੇ ਰਾਗ ਵਿਚ ਹੋਵੇ ਉਥੇ ਇਹ ਵੀ ਜ਼ਰੂਰੀ ਹੈ ਕਿ ਰਾਗ ਵੀ ਸਮੇਂ ਦਾ ਹੀ ਹੋਵੇ। ਸ੍ਰੀ ਹਰਿਮੰਦਰ ਸਾਹਿਬ ਵਿਚ ਆਪਣੇ ਸਮੇਂ ਦੇ ਬੜੇ ਬੜੇ ਨਾਮੀ ਰਾਗੀ ਜਥੇ ਕੀਰਤਨ ਕਰਦੇ ਰਹੇ ਹਨ। ਜਿਨ੍ਹਾਂ ਨੇ ਇਸ ਮਰਿਯਾਦਾ ਵਿਚ ਕਦੇ ਫਰਕ ਨਹੀਂ ਆਉਂਣ ਦਿੱਤਾ। ਪਿਛਲੇ ਕੁਝ ਸਮੇਂ ਤੋਂ ਭਾਵੇਂ ਕੀਰਤਨ ਦਾ ਪ੍ਰਚਾਰ ਬਹੁਤ ਜ਼ਿਆਦਾ ਹੋਇਆ ਹੈ, ਪਿੰਡ ਪਿੰਡ, ਸ਼ਹਿਰ ਸ਼ਹਿਰ ਕੀਰਤਨ ਦਰਬਾਰ ਹੁੰਦੇ ਰਹਿੰਦੇ ਹਨ ਜਿਨ੍ਹਾਂ ਦਾ ਸਦਕਾ ਨਾਮੀ ਗਿਰਾਮੀ ਕੀਰਤਨੀਆਂ ਨੂੰ ਇਕ

ਆਮ ਸਿੱਖ ਨੂੰ ਵੀ ਸਾਹਮਣੇ ਬੈਠ ਕੇ ਸੁਣ ਦਾ ਮੌਕਾ ਮਿਲਿਆ ਹੈ। ਇਲੈਕਟ੍ਰਾਨਿਕ ਮੀਡੀਆ ਟੀ.ਵੀ. ਦੇ ਆ ਜਾਣ ਕਾਰਨ ਹਰਿਮੰਦਰ ਸਾਹਿਬ ਸਾਡੇ ਘਰ ਤਕ ਪਹੁੰਚ ਗਿਆ ਹੈ। ਅਗੇ ਤਾਂ ਕਦੇ ਵਰ੍ਹੇ ਛਿਮਾਹੀ ਚੱਲ ਕੇ ਦਰਬਾਰ ਸਾਹਿਬ ਜਾਇਆ ਕਰਦੇ ਸੀ ਤਾਂ ਕੀਰਤਨ ਸਰਵਨ ਕਰਨ ਦਾ ਮੌਕਾ ਮਿਲਦਾ ਸੀ। ਹੁਣ ਤਾਂ ਕਿਤੇ ਜਾਣ ਦੀ ਲੋੜ ਨਹੀਂ। ਟੀਵੀ ਚੈਨਲ ਨੇ ਹਰਿਮੰਦਰ ਸਾਹਿਬ ਘਰ ਵਿਚ ਭੇਜ ਦਿੱਤਾ।

ਅੱਜ ਦਾ ਸਿੱਖ ਆਪਣੇ ਬਿਸਤਰੇ ਵਿਚ ਅੱਧਾ ਸੁੱਤਾ ਪਿਆ ਹੀ ਆਸਾ ਦੀ ਵਾਰ ਦਾ ਕੀਰਤਨ ਸਰਵਨ ਕਰ ਲੈਂਦਾ ਹੈ। ਪਿਆ ਹੀ ਅਰਦਾਸ ਵਿਚ ਸ਼ਾਮਲ ਹੋ ਕੇ ਹੁਕਮ ਹਾਸਲ ਕਰ ਲੈਂਦਾ ਹੈ। ਧੰਨ ਹਨ ਉਹ ਗੁਰੂ ਸਵਾਰੇ ਜਿਹੜੇ ਇਕਾਗਰ ਹੋ ਕੇ ਕੀਰਤਨ ਸਰਵਨ ਕਰਦੇ ਹਨ ਅਤੇ ਮਨ ਕਰਕੇ ਹਾਜ਼ਰੀ ਸ੍ਰੀ ਦਰਬਾਰ ਸਾਹਿਬ ਵਿਖੇ ਲਗਵਾ ਲੈਂਦੇ ਹਨ। ਕੀਰਤਨ ਰਾਹੀਂ ਆਪਣੀ ਸੁਰਤ ਨੂੰ ਸ਼ਬਦ ਵਿਚ ਜੋੜਦੇ ਹਨ ਅੰਮ੍ਰਿਤ ਵੇਲਾ ਸਫਲ ਕਰਦੇ ਹਨ। ਪਰ ਉਨ੍ਹਾਂ ਜਗਿਆਸੂ ਰੂਹਾਂ ਨੂੰ ਕਿੰਨਾ ਆਨੰਦ ਆਉਂਦਾ ਹੋਊ ਜਦੋਂ ਸਵੇਰੇ ਸਵੇਰੇ ਹਜ਼ੂਰੀ ਰਾਗੀ ਕਿਸੇ ਫਿਲਮ ਜਾਂ ਹੋਰ ਪ੍ਰਚਲਤ ਗਾਣੇ ਦੀ ਤਰਜ਼ ਤੇ ਸ਼ਬਦ ਗਾ ਰਹੇ ਹੋਣ? ਅਜਿਹਾ ਕੀਰਤਨ ਸੁਣ ਕੇ ਕੀ ਸੁਰਤ ਸ਼ਬਦ ਵਿਚ ਜੁੜੀ ਰਹਿ ਸਕਦੀ ਹੈ? ਅੱਜ ਕੀਰਤਨ ਦਾ ਮਿਆਰ ਨੀਵਾਂ ਹੋ ਚੁੱਕਿਆ ਹੈ। ਕੀਰਤਨ ਰਾਗ ਅਧਾਰਤ ਨਾ ਹੋ ਕੇ ਕਚ ਘਰੜੀਆਂ ਇਕ ਦੂਸਰੇ ਦੀਆਂ ਗਾਈਆਂ ਗੀਤਾਂ ਤੋੜ ਮਰੋੜ ਕੇ ਗਾਏ ਜਾਣ ਦਾ ਰਿਵਾਜ ਪੈ ਗਿਆ ਹੈ। ਬਹੁਤੀ ਵਾਰ ਤਾਂ ਰਾਗ ਦੇ ਸਮੇਂ ਦਾ ਵੀ ਖਿਆਲ ਨਹੀਂ ਰਖਿਆ ਜਾਂਦਾ। ਇਹ ਗੱਲਾਂ ਰਾਗੀ ਸਿੰਘਾਂ ਦੀ ਕਾਬਲੀਅਤ ਤੇ ਪ੍ਰਸ਼ਨ ਚਿੰਨ੍ਹ ਲਾਉਂਦੀਆਂ ਹਨ। ਇਸ ਦਾ ਭਾਵ ਇਹ ਵੀ ਨਹੀਂ ਕਿ ਸਾਰੇ ਹੀ ਅਣਕਾਬਲ ਹਨ। ਅੱਜ ਵੀ ਦਰਬਾਰ ਸਾਹਿਬ ਵਿਚ ਬਹੁਤ ਕਾਬਲ ਰਾਗੀ ਜਥੇ ਹਨ ਜਿਨ੍ਹਾਂ ਨੂੰ ਮਰਿਯਾਦਾ ਅਨੁਸਾਰ ਕੀਰਤਨ ਕਰਨਾ ਆਉਂਦਾ ਹੈ ਅਤੇ ਕਰਦੇ ਵੀ ਹਨ। ਕੁਝ ਅਜਿਹੇ ਹਨ ਜੋ ਜਾਣਦੇ ਹਨ ਪਰ ਕਰਦੇ ਨਹੀਂ ਉਨ੍ਹਾਂ ਨੇ ਸਿੱਖਿਆ ਹੈ ਬੰਦਸ਼ਾਂ ਵੀ ਯਾਦ ਹਨ ਪਰ ਕਰਦੇ ਨਹੀਂ। ਉਹ ਇਸ ਕਰਕੇ ਤਾਂ ਕਿ ਆਮ ਸੰਗਤ ਇਹ ਨਾ ਸਮਝ ਲਵੇ ਕਿ ਇਹ ਤਾਂ ਸਿਰਫ ਰਾਗ ਹੀ ਗਾਉਣ ਵਾਲੇ ਹਨ ਜਿਸ ਕਰਕੇ ਉਨ੍ਹਾਂ ਦੇ ਕੈਸਟ ਕਲਚਰ ਅਤੇ ਬਾਹਰੀ ਸਟੇਜ ਦੀ ਮੰਗ ਤੇ ਅਸਰ ਨਾ ਪਵੇ। ਜਦੋਂ ਕਿ ਇਹ ਉਨ੍ਹਾਂ ਦਾ ਭਰਮ ਹੈ। ਇਹ ਵੀ ਸੱਚਾਈ ਹੈ ਜਦ ਆਮ ਜਨਤਾ ਵਿਚ ਕਚ ਘਰੜ ਤਰਜ਼ਾਂ ਗਾਉਣ ਵਾਲੇ ਕੀਰਤਨ ਦੀ ਚੜ੍ਹਤ ਹੈ ਤਾਂ ਇਧਰ ਧਿਆਨ ਜਾਣਾ ਸੁਭਾਵਕ ਹੀ ਹੈ। ਪਰ ਇਹ ਸਦਾ ਨਹੀਂ ਰਿਹਾ ਕਰਦਾ। ਚਾਰ ਦਿਨ ਦਾ ਵਹਿਣ ਹੈ ਵਗ ਕੇ ਲੰਘ ਜਾਵੇਗਾ। ਜੋ ਪਿਓ ਦਾਦੇ ਦਾ ਖਜ਼ਾਨਾ ਹੈ ਉਹ ਸਦੀਵੀਂ ਹੈ। ਇਸ ਲਈ ਉਸਦੀ ਸੰਭਾਲ ਵੀ ਜ਼ਰੂਰੀ ਹੈ। ਪਿਛਲੇ ਕੁਝ ਸਮੇਂ ਤੋਂ ਦਰਬਾਰ ਸਾਹਿਬ ਵਿਚ ਭਰਤੀ ਕੀਤੇ ਰਾਗੀ ਜਥਿਆਂ ਦਾ ਮਿਆਰ ਨੀਵਾਂ ਰਿਹਾ ਹੈ। ਜਦੋਂ ਕਿ ਇਹ ਸਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਦਿਆਲਿਆਂ ਵਿਚੋਂ ਘਟੋ ਘਟ 3-4 ਸਾਲ ਦਾ ਕੋਰਸ ਕਰਕੇ ਆਏ ਹਨ ਇਨ੍ਹਾਂ ਵਿਦਿਆਲਿਆਂ ਵਿਚ ਉਸਤਾਦ ਵੀ ਕਾਬਲ ਰੱਖੇ ਹੋਏ ਹਨ। ਫਿਰ ਜਾਂ ਤਾਂ ਭਰਤੀ ਵੇਲੇ ਮੂੰਹ ਮੁਲਾਹਜਾ ਪਾਲਿਆ ਗਿਆ ਜਾਂ ਸਿੱਖਿਆ ਵਿਚ ਕਿਤੇ ਕਸਰ ਹੈ। ਇਸ ਦਾ ਵੀ ਮੁਲਾਂਕਣ ਕਰਨ ਦੀ ਜ਼ਰੂਰਤ ਹੈ। ਅੱਜ ਸਾਰਾ ਸੰਸਾਰ ਕੀਰਤਨ ਨਾਲ ਜੁੜਿਆ ਹੈ। ਇਸ ਕਰਕੇ ਦਰਬਾਰ ਸਾਹਿਬ ਦੇ ਕੀਰਤਨ ਦੇ ਮਿਆਰ ਵਿਚ ਕੋਈ ਫਰਕ ਨਹੀਂ ਆਉਣਾ ਚਾਹੀਦਾ। ਇਸ ਮਿਆਰ ਨੂੰ ਕਾਇਮ ਰੱਖਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਰਾਗੀ ਜਥਿਆਂ ਦੀ ਸਹੀ ਚੋਣ ਕੀਤੀ ਜਾਵੇ। ਸੰਗੀਤ ਵਿਦਵਾਨਾਂ ਦੀ ਇਕ ਕਮੇਟੀ ਬਣਾ ਕੇ ਸਮੇਂ ਦੇ ਰਾਗ ਅਨੁਸਾਰ ਚੌਕੀ ਦੀ ਮਰਿਯਾਦਾ ਕਾਇਮ ਕੀਤੀ ਜਾਵੇ ਮਰਿਯਾਦਾ ਅਨੁਸਾਰ ਡੰਡੋਤ ਬੰਦਨਾ (ਖਿਆਲ ਅੰਗ) ਯਾਦ ਵਿਚ ਇਕ ਰਾਗ ਦਾ ਸ਼ਬਦ ਇਕ ਪੁਰਾਤਨ ਚੰਗੀ ਬੰਦਸ਼ ਨਾਲ ਬਾਅਦ ਵਿਚ ਗੀਤਾਂ ਵਿਚ ਕੀਰਤਨ ਜਿਸ ਤਰ੍ਹਾਂ ਪਹਿਲੇ ਰਾਗੀ ਕੀਰਤਨ ਦਾ ਜੋ ਸਮਾਂ ਈਟੀਸੀ ਚੈਨਲ ਰਾਹੀਂ ਰਿਲੇਅ ਹੁੰਦਾ ਹੈ ਉਸਦਾ ਵਿਸ਼ੇਸ਼ ਧਿਆਨ ਰਖਿਆ ਜਾਵੇ ਕਿ ਇਸ ਵੇਲੇ ਸੁਲਝੇ ਅਤੇ ਸੁਰੀਲੇ ਰਾਗੀ ਦੀ ਡਿਊਟੀ ਲਾਈ ਜਾਵੇ ਤਾਂ ਕਿ ਸਰੋਤਾ ਅਤੇ ਦਰਸ਼ਕ ਇਸ ਕੀਰਤਨ ਨੂੰ ਮਨ ਲਾ ਕੇ ਸੁਣੇ ਅਤੇ ਪੂਰਾ ਅਨੰਦ ਮਾਣ ਸਕੇ।

ਪੰਥ ਪ੍ਰਸਿੱਧ ਰਾਗੀ ਜਥਿਆਂ ਨੂੰ ਵੀ ਬੁਲਾ ਕੇ ਇਸ ਸਮੇਂ ਵਿਚ ਸੰਗਤ ਦੇ ਰੂਬਰੂ ਕੀਤਾ ਜਾਵੇ ਤਾਂ ਕਿ ਇਸ ਲਾਈਵ ਕੀਰਤਨ ਵਿਚ ਇਹ ਨਾ ਹੋਵੇ ਕਿ ਉਹੀ 2-4 ਜਥੇ ਵਾਰੀ ਵਾਰੀ ਲਏ ਜਾਣ ਜਿਨ੍ਹਾਂ ਨੂੰ ਸੁਣ ਸੁਣ ਕੇ ਸਰੋਤੇ ਉਕਤਾ ਜਾਣ। ਇਸ ਪ੍ਰੋਗਰਾਮ ਨੂੰ ਉਕਤਾਹਟ ਤੋਂ ਮੁਕਤ ਰੱਖਿਆ ਜਾਵੇ। ਸ਼੍ਰੋਮਣੀ ਕਮੇਟੀ ਕੋਲ ਬਹੁਤ ਸਾਰੇ ਰਾਗੀ ਜਥੇ ਮੁਲਾਜ਼ਮ ਹਨ। ਦਰਬਾਰ ਸਾਹਿਬ ਵਿਚ ਅਤੇ ਹੋਰ ਸਥਾਨਾਂ 'ਤੇ ਵੀ ਹਰ ਯੋਗ ਜਥੇ ਨੂੰ ਸੰਗਤ ਦੇ ਰੂਬਰੂ ਕੀਤਾ ਜਾਵੇ। ਇਸ ਨਾਲ ਸਰੋਤਿਆਂ ਦੇ ਸੁਣਨ ਟੇਸਟ

ਵਿਚ ਅੰਤਰ ਆਵੇਗਾ। ਕਿਉਂ ਕਿ ਜਦ ਸਰੋਤਿਆਂ ਨੇ ਕੈਸਟਾਂ ਰਾਹੀਂ ਸਾਦੀਆਂ ਤਰਜ਼ਾ ਉਪਰ ਕੀਰਤਨ ਸੁਣਨਾ ਹੈ ਤਾਂ ਉਨ੍ਹਾਂ ਨੂੰ ਉਹੀ ਚੰਗਾ ਲੱਗਣ ਲੱਗ ਪਿਆ ਹੈ। ਜਦੋਂ ਦਰਬਾਰੀ ਕੀਰਤਨ ਸੁਣਾਵਾਂਗੇ ਤਾਂ ਕੋਈ ਕਾਰਨ ਨਹੀਂ ਕਿ ਲੋਕ ਨਾ ਸੁਣਨ। ਆਮ ਕੀਰਤਨ ਦਰਬਾਰਾਂ ਵਿਚ ਵੇਖਿਆ ਹੈ 8-10 ਰਾਗੀ ਜਥਿਆਂ ਵਿਚ ਜੇ ਕਿਸੇ ਭਾਈ ਦਿਲਬਾਗ ਸਿੰਘ, ਗੁਲਬਾਗ ਸਿੰਘ, ਭਾਈ ਬਲਬੀਰ ਸਿੰਘ, ਬਲਜੀਤ ਸਿਘ ਨਾਮਧਾਰੀ, ਭਾਈ ਨਿਰਮਲ ਸਿੰਘ ਖਾਲਸਾ ਵਰਗਾ ਇਕੱਲਾ ਜਥਾ ਹੀ ਸਾਰੇ ਸਮਾਗਮ ਦਾ ਅਨੰਦ ਬਣਾ ਦਿੰਦਾ ਹੈ ਤੇ ਲੋਕਾਂ ਵਿਚ ਚਰਚਾ ਦਾ ਵਿਸ਼ਾ ਰਹਿੰਦਾ ਹੈ ਲੋਕ ਦੇਰ ਤਕ ਉਨ੍ਹਾਂ ਦੀ ਕਲਾ ਦੀਆਂ ਗੱਲਾਂ ਕਰਦੇ ਹਨ।

ਰਾਗ ਰੂਹ ਦੀ ਖੁਰਾਕ ਹੈ, ਜਦੋਂ ਪੇਸ਼ ਕਰਾਂਗੇ ਪਰੋਸਾਂਗੇ ਗੁਰੂ ਸ਼ਬਦ ਰਾਹੀਂ ਤਾਂ ਪਿਆਸੀਆਂ ਰੂਹਾਂ ਇਸ ਨਾਲ ਆਨੰਦਤ ਹੋਣਗੀਆਂ ਅਤੇ ਸੁਰਤ ਸ਼ਬਦ ਵਿਚ ਲੀਨ ਹੋ ਜਾਵੇਗੀ ਜੋ ਕੀਰਤਨ ਦਾ ਮੁੱਖ ਮਨੋਰਥ ਹੈ। ਫਿਰ ਸਾਡਾ *ਗਾਵਿਆ ਸੁਣਿਆ ਥਾਇ* ਪਵੇਗਾ।

---

*ਗੁਰਮਤਿ ਸੰਗੀਤ ਵਿਦਿਆਲਾ, ਗਿਆਨੀ ਦਿੱਤ ਸਿੰਘ ਕਲੋਨੀ, ਨਨਕਿਆਣਾ ਸਾਹਿਬ ਰੋਡ, ਸੰਗਰੂਰ*

# ਸਾਡੇ ਕੀਰਤਨੀਏ-ਸੂਬੇਦਾਰ ਜੋਗਿੰਦਰ ਸਿੰਘ ਜੀ ਸੰਗਰੂਰ ਵਾਲੇ

ਭਾਈ ਅਵਤਾਰ ਸਿੰਘ 'ਹੰਸ'

ਭਾਈ ਸਾਹਿਬ ਭਾਈ ਜੋਗਿੰਦਰ ਸਿੰਘ ਜੀ ਗੁਰੂ ਘਰ ਦੇ ਮਹਾਨ ਕੀਰਤਨੀਏ ਹਨ। ਆਪ ਬਹੁਤ ਹੀ ਰਸ ਭਿੰਨਾ ਕੀਰਤਨ ਕਰਦੇ ਹਨ ਤੇ ਉਚ ਕੋਟੀ ਦੇ ਵਿਦਵਾਨ ਹਨ। ਰਹਿਤ ਮਰਿਯਾਦਾ ਵਿਚ ਪ੍ਰਪੱਕ ਨਿਤਨੇਮੀ ਗੁਰਮੁਖ ਹਨ।

ਭਾਈ ਸਾਹਿਬ ਜੀ ਦਾ ਜਨਮ 12 ਜੂਨ 1952 ਵਿਚ ਪਿਤਾ ਸ੍ਰੀ ਗੌਰੀ ਸ਼ੰਕਰ ਜੀ ਤੇ ਮਾਤਾ ਰਾਮ ਪਿਆਰੀ ਦੇ ਗ੍ਰਹਿ ਪਿੰਡ ਚੱਠਾ ਨਨਹੇੜਾ ਜ਼ਿਲ੍ਹਾ ਸੰਗਰੂਰ ਵਿਖੇ ਹੋਇਆ। ਗੁਰਮਤਿ ਦੀ ਲਗਨ ਆਪ ਨੂੰ ਪਿੰਡ ਦੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਮਹੰਤ ਗੁਰਨਾਮ ਸਿੰਘ ਤੋਂ ਲੱਗੀ ਉਨ੍ਹਾਂ ਨੇ ਹੀ ਗੁਰਬਾਣੀ ਦੀ ਮੁਢਲੀ ਤਾਲੀਮ ਪ੍ਰਾਪਤ ਕੀਤੀ।

ਗੁਰੂ ਕ੍ਰਿਪਾ ਸਦਕਾ ਬਚਪਨ ਵਿਚ ਆਪ ਨੂੰ ਬ੍ਰਹਮ ਗਿਆਨੀ, ਵਿੱਦਿਆ ਮਾਰਤੰਡ ਸੰਤ ਗਿ: ਗੁਰਬਚਨ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਪ੍ਰਵਚਨ ਸੁਣਨ ਤੇ ਦਰਸ਼ਨ ਦੀਦਾਰ ਦਾ ਸੁਭਾਗ ਪ੍ਰਾਪਤ ਹੋਇਆ। ਮਹਾਂਪੁਰਖਾਂ ਦੇ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਆਪ ਨੇ ਸਿੰਘ ਸਜਣ ਦਾ ਫੈਸਲਾ ਕੀਤਾ। ਬ੍ਰਾਹਮਣ ਬਰਾਦਰੀ ਵਿਚ ਆਪ ਦਾ ਜਨਮ ਹੋਇਆ ਹੈ। ਇਸੇ ਕਰਕੇ ਪਰਿਵਾਰ ਨੇ ਆਪ ਦੇ ਸਿੰਘ ਸਜਣ ਦੇ ਫੈਸਲੇ ਦਾ ਵਿਰੋਧ ਕੀਤਾ। ਆਪ ਆਪਣੇ ਫੈਸਲੇ 'ਤੇ ਦ੍ਰਿੜ ਰਹੇ। ਬੁੱਢਾ ਦੱਲ ਦੇ ਜਥੇ ਪਾਸੋਂ 1967 ਵਿਚ ਆਪ ਨੇ ਅੰਮ੍ਰਿਤਪਾਨ ਕੀਤਾ।

ਗੁਰਬਾਣੀ, ਕਥਾ, ਕੀਰਤਨ ਦੀ ਸਿੱਖਿਆ ਆਪ ਨੇ ਮਸਤੂਆਣਾ ਸੰਪ੍ਰਦਾ ਦੇ ਪ੍ਰਸਿਧ ਵਿਦਾਵਨ ਮਹੰਤ ਸੁਰਜੀਤ ਸਿੰਘ ਜੀ ਉਪਲੀ ਵਾਲਿਆਂ ਪਾਸੋਂ ਹਾਸਲ ਕੀਤੀ। ਕੁਝ ਸਮਾਂ ਭਾਈ ਮਹਿੰਦਰ ਸਿੰਘ ਕੁਲਾਰਾਂ ਵਾਲਿਆਂ ਪਾਸੋਂ ਵੀ ਸੰਗੀਤ ਵਿੱਦਿਆ ਪ੍ਰਾਪਤ ਕੀਤੀ। 1976 ਵਿਚ ਭਾਈ ਸਾਹਿਬ ਜੀ ਨੇ ਗੁ: ਸਿੰਘ ਸਭਾ ਤੇਜਪੁਰ (ਅਸਾਮ) ਵਿਖੇ ਕੀਰਤਨ ਸੇਵਾ ਅਰੰਭ ਕੀਤੀ। ਲਗਾਤਾਰ 7-8 ਸਾਲ ਇਥੇ ਰਹਿ ਕੇ ਆਪ ਨੇ ਸੇਵਾ ਕੀਤੀ ਤੇ ਆਪਣੇ ਕਿੱਤੇ ਵਿਚ ਪ੍ਰਪੱਕ ਹੋਏ। ਇਥੇ ਆਪ ਨੇ ਗੁਰਬਾਣੀ ਦਾ ਤੇ ਹੋਰ ਧਾਰਮਿਕ ਗ੍ਰੰਥਾਂ ਦਾ ਅਧਿਐਨ ਕੀਤਾ। ਆਪ ਹਰ ਧਰਮ ਬਾਰੇ ਬੋਲਣ ਦੀ ਮੁਹਾਰਤ ਰੱਖਦੇ ਹਨ।

ਅਸਾਮ ਵਿਖੇ ਆਪ ਦਾ ਮੇਲ ਬਰਗੇਡੀਅਰ ਸਹਿਗਲ ਸਾਹਿਬ ਨਾਲ ਹੋਇਆ। ਉਨ੍ਹਾਂ ਨੇ ਯੋਗਤਾ ਦੇਖਦੇ ਹੋਏ ਆਪ ਨੂੰ ਮਿਲਟਰੀ ਵਿਚ ਭਰਤੀ ਹੋਣ ਦੀ ਪ੍ਰੇਰਣਾ ਦਿੱਤੀ। ਇਸਤੇ 1982 ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਗਿਆਨੀ ਦਾ ਕੋਰਸ ਪਾਸ ਕੀਤਾ। ਇਸੇ ਸਮੇਂ ਦੌਰਾਨ ਆਪ ਗੁ: ਸਾਹਿਬ ਨਾਨਕ ਪੁਰਾ ਸੰਗਰੂਰ ਵਿਖੇ ਭਾਈ ਰਾਮ ਸਿੰਘ ਜੀ ਦੇ ਰਾਗੀ ਜਥੇ ਨਾਲ ਸਹਾਇਕ ਰਾਗੀ ਦੇ ਤੌਰ ਤੇ ਸੰਗਤ ਕਰਦੇ ਰਹੇ।

ਕਥਾ ਕੀਰਤਨ ਤੋਂ ਇਲਾਵਾ ਭਾਈ ਸਾਹਿਬ ਜੀ ਪੰਥਕ ਸੇਵਾ ਲਈ ਵੀ ਤਤਪਰ ਰਹਿੰਦੇ ਸਨ। ਜਥੇਦਾਰ ਮੋਹਨ ਸਿੰਘ ਤੁੜ, ਜਥੇਦਾਰ ਗੁਰਬਚਨ ਸਿੰਘ 'ਲਖਮੀਰਵਾਲਾ' ਦੇ ਜਥੇ ਨਾਲ ਕਈ ਮੋਰਚਿਆਂ ਵਿਚ ਹਿੱਸਾ ਲਿਆ।

1986 ਵਿਚ ਭਾਈ ਜੋਗਿੰਦਰ ਸਿੰਘ ਜੀ ਮਿਲਟਰੀ ਵਿਚ ਬਤੌਰ ਨਾਇਬ ਸੂਬੇਦਾਰ ਨਿਯੁਕਤ ਹੋਏ। ਲਗਾਤਾਰ 17 ਸਾਲ ਸਰਵਿਸ ਕਰਕੇ ਆਪ 2002 ਵਿਚ ਰਿਟਾਇਰ ਹੋਏ। ਮਿਲਟਰੀ ਵਿਚ ਅਨੇਕਾਂ ਪ੍ਰੇਮੀਆਂ ਨੂੰ ਆਪ ਨੇ ਗੁਰਬਾਣੀ ਪਾਠ, ਕੀਰਤਨ ਸਿਖਲਾਈ ਦਿੱਤੀ। ਗੁਰੂ ਘਰ ਨਾਲ ਜੋੜਿਆ। ਪੂਨੇ ਸੈਂਟਰ ਵਿਚ ਰਾਸ਼ਟਰੀ ਏਕਤਾ ਸੰਸਥਾ ਵਲੋਂ ਤੇ ਹੋਰ ਸੰਸਥਾਵਾਂ ਵਲੋਂ ਆਪ ਜੀ ਨੂੰ ਸਨਮਾਨਿਤ ਕੀਤਾ ਗਿਆ। ਜੁਲਾਈ 2002 ਤੋਂ ਭਾਈ ਸਾਹਿਬ ਸੰਗਰੂਰ ਦੇ ਪ੍ਰਸਿਧ ਅਸਥਾਨ ਗੁ: ਸਾਹਿਬ ਮਹਿਲ ਮੁਬਾਰਕ ਵਿਖੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ।

ਕੀਰਤਨੀਆਂ ਵਿਚੋਂ ਆਪ ਸ਼੍ਰੋਮਣੀ ਰਾਗੀ ਭਾਈ ਬਲਬੀਰ ਸਿੰਘ ਜੀ, ਹਜ਼ੂਰੀ ਰਾਗੀ ਭਾਈ ਨਰਿੰਦਰ ਸਿੰਘ ਜੀ, ਤੇ ਭਾਈ ਨਿਰਮਲ ਸਿੰਘ ਖਾਲਸਾ ਦੇ ਕੀਰਤਨ ਤੋਂ ਬਹੁਤ ਪ੍ਰਭਾਵਤ ਹਨ, ਜੋ ਸ਼ੁਧ ਕੀਰਤਨ ਪ੍ਰੰਪਰਾ ਅਨੁਸਾਰ ਤੇ ਸ਼ੁਧ ਬਾਣੀ ਪੜ੍ਹ ਕੇ ਕੀਰਤਨ ਕਰਦੇ ਹਨ।

*ਗੁ: ਸਾਹਿਬ ਮਹਿਲ ਮੁਬਾਰਕ, ਸੰਗਰੂਰ*

# ਸੁਰ ਲਿਪੀ

ਭਾਈ ਕਸ਼ਮੀਰ ਸਿੰਘ

*ਰਾਗ* ਜੈਤਸਰੀ

ਥਾਟ: ਪੂਰਵੀ, **ਆਰੋਹ** ਵਿਚ ਰੇ ਤੇ ਪ ਵਰਜਿਤ।

ਜਾਤੀ-ਔੜਵ ਸੰਪੂਰਨ ਵਾਦੀ 'ਗ' ਸੰਵਾਦੀ 'ਨੀ'। "ਮੇ ਗ ਮੇ, ਗ" ਸੁਰ ਸੰਗਤੀ ਇਸ ਰਾਗ ਵਿਚ ਰਸਦਾਇਕ ਹੈ। **ਸਮਾਂ**: ਸੰਧਿਆ ਕਾਲ।

ਆਰੋਹ: ਸ ਗ ਮੇ ਪ ਨੀ ਸਂ। **ਅਵਰੋਹ**: ਸਂ ਨੀ ਧੁ ਪ ਮੇ ਗ ਰੇ ਸ।

ਪਕੜ : ਨ਼ੀ ਸ ਗ ਪ, ਮੇ ਧੁ ਪ, ਸ ਗ ਧੁ ਪ, ਮੇ ਗ, ਮੇ ਗ, ਰੇ ਸ।

**ਤਾਲ- ਦਾਦਰਾ**

| 1 | 2 | 3 | 4 | 5 | 6 | 1 | 2 | 3 | 4 | 5 | 6 |
|---|---|---|---|---|---|---|---|---|---|---|---|
| X | | | 0 | | | X | | | 0 | | |
| ਸਥਾਈ | | | | | | | | | | | |
| ਸ | ਧੁ | ਧੁ | ਪ | ਧੁ | ਧੁ | ਪ | ਗ | ਮੇ | ਗ | ਰੇ | ਸ |
| *ਨਾ* | ऽ | ***ਥ*** | ***ਕ*** | ***ਛੂਅ*** | *ਨ* | ***ਜਾ*** | ऽ | ऽ | ***ਨਉ*** | ऽ | ऽ |
| ਸ | ਨ਼ੀ | ਸ | ਗਗ | ਗ | ਗ | ਮੇਗ | ਧੁਮੇ | ਗਮੇ | ਗ | ਰੇ | ਸ |
| *ਮ* | ***ਨੁ*** | ***ਮਾ*** | ***ਇਆ*** | ***ਕੈ*** | ऽ | *ਹਾ*ऽ | *ਥਿ*ऽ | ***ਥਿ***ऽ | ***ਕਾ*** | ऽ | ***ਨਉ*** |
| ਅੰਤਰਾ | | | | | | | | | | | |
| ਪ | ਧੁ | ਪਪ | ਸਂਸਂ | ਸਂ | ਸਂ | ਰੇਂਰੇਂ | ਸਂ | ਗਂ | ਰੇਂ | ਰੇਂ | ਸਂ |
| ***ਤੁ*** | *ਮ* | ***ਕਹੀ*** | ***ਅਤ*** | ***ਹੌਂ*** | ऽ | ***ਜਗ*** | *ਤ* | ***ਗੁਰ*** | ***ਸੁਆ*** | ***ਮੀ***ऽ | ऽ |
| ਨੀ | ਰੇਂ | ਨੀ | ਧੁ | ਧੁ | ਪ | ਮੇ | ਗ | ਮੇ | ਗ | ਰੇ | ਸ |
| *ਹ* | *ਮ* | ***ਕਹੀ*** | ***ਅਤ*** | ***ਕ*** | ***ਲਿ*** | ***ਜੁਗ*** | ***ਕੇ*** | ऽ | ***ਕਾ*** | ऽ | ***ਮੀ*** |

*1612, ਫੇਜ਼ 7, ਮੋਹਾਲੀ*

## ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

ਮਨਮੋਹਨ ਸਿੰਘ

| | | |
|---|---|---|
| ਨਾਥ ਕਛੂਆ ਨ ਜਾਨਉ॥ ਮਨ ਮਾਇਆ ਕੈ ਹਾਥਿ ਬਿਕਾਨਉ॥ ੧॥ ਰਹਾਉ॥ | My Lord, I know nothing. My soul I have sold out to the mammon's hand. Pause. | ਮੇਰੇ ਸੁਆਮੀ ਮੈਂ ਕੁਝ ਭੀ ਨਹੀਂ ਜਾਣਦਾ। ਆਪਣੀ ਆਤਮਾ ਮੈਂ ਮੋਹਨੀ ਦੇ ਹੱਥ ਵੇਚ ਛੱਡੀ ਹੈ। ਠਹਿਰਾਓ। |
| ਤੁਮ ਕਹੀਅਤ ਹੌ ਜਗਤ ਗੁਰ ਸੁਆਮੀ।। ਹਮ ਕਹੀਅਤ ਕਲਜੁਗ ਕੇ ਕਾਮੀ।। | Thou art called the great Lord of the world and I am styled the sensualist of the Darkage. | ਤੂੰ ਸੰਸਾਰ ਦਾ ਵਿਸ਼ਾਲ ਸਾਹਿਬ ਆਖਿਆ ਜਾਂਦਾ ਹੈਂ ਅਤੇ ਮੈਂ ਕਾਲੇ ਸਮੇਂ ਦਾ ਵਿਸ਼ਈ ਸੱਦਿਆ ਜਾਂਦਾ ਹਾਂ। |
| ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ॥ | These five demons have corrupted my mind. | ਏਨਾਂ ਪੰਜਾਂ ਦੂਤਾਂ ਨੇ ਮੇਰਾ ਚਿਤ ਪਲੀਤ ਕਰ ਦਿੱਤਾ ਹੈ। |
| ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ॥ | Every moment they make my soul part company with the reverend Lord. | ਹਰ ਮੁਹਤ ਉਹ ਮੇਰੀ ਆਤਮਾ ਨੂੰ ਪੂਜਯ ਪ੍ਰਭੂ ਨਾਲੋਂ ਪਾੜਦੇ ਹਨ। |
| ਜਤ ਦੇਖਉ ਤਤ ਦੁਖ ਕੀ ਰਾਸੀ॥ | Whithersoever I look, there is a stock of trouble. | ਜਿਥੇ ਕਿਤੇ ਵੀ ਮੈਂ ਦੇਖਦਾ ਹਾਂ, ਉਥੇ ਹੀ ਤਕਲੀਫ ਦੀ ਪੂੰਜੀ ਹੈ। |
| ਅਜੌਂ ਨ ਪਤਾਇ ਨਿਗਮ ਭਏ ਸਾਖੀ॥ | Though the Vedas bear testimony, even then my mind believes not in God. | ਭਾਵੇਂ ਵੇਦ ਗਵਾਹੀ ਦਿੰਦੇ ਹਨ, ਤਾਂ ਵੀ ਮੇਰਾ ਮਨ ਵਾਹਿਗੁਰੂ ਤੇ ਭਰੋਸਾ ਨਹੀਂ ਧਾਰਦਾ। |
| ਗੋਤਮ ਨਾਰਿ ਉਮਾਪਤਿ ਸ੍ਵਾਮੀ॥ ਸੀਸੁ ਧਰਨਿ ਸਹਸ ਭਗ ਗਾਮੀ॥ | O Lord, the body of Indar, the enjoyer of Gautam's wife, came to bear a thousand vaginal marks. Brahma's head got stuck to the hand of Shiva, the husband of Parbati. | ਹੇ ਪ੍ਰਭੂ! ਗੋਤਮ ਦੀ ਪਤਨੀ ਨੂੰ ਭੋਗਣ ਵਾਲੇ ਇੰਦਰ ਦੇ ਦੇਹ ਉਤੇ ਬੋਲੀ ਦੇ ਹਜ਼ਾਰ ਚਿੰਨ੍ਹ ਹੋ ਗਏ। ਬਰਮ੍ਹਾ ਦਾ ਸਿਰ ਪਾਰਬਤੀ ਦੇ ਪਤੀ ਸ਼ਿਵਜੀ ਦੇ ਹੱਥ ਨਾਲ ਚਿਮੜ ਗਿਆ। |
| ਇਨ ਦੂਤਨ ਖਲੁ ਬਧੁ ਕਰਿ ਮਾਰਿਓ॥ | These demons have bound and destroyed me, a fool. | ਇਨ੍ਹਾਂ ਭੂਤਨਿਆਂ ਨੇ ਮੈਂ ਮੂਰਖ ਨੂੰ ਬੰਨ੍ਹ ਕੇ ਮਾਰ ਸੁਟਿਆ ਹੈ। |
| ਬਡੋ ਨਿਲਾਜੁ ਅਜਹੂ ਨਹੀਂ ਹਾਰਿਓ॥ ਕਹਿ ਰਵਿਦਾਸ ਕਹਾ ਕੈਸੇ ਕੀਜੈ॥ | I am very shameless. Even now, I grow not weary of their company. Says Ravdas, what way should I adopt now. | ਮੈਂ ਵੱਡਾ ਬੇਸ਼ਰਮ ਹਾਂ। ਅਜੇ ਵੀ ਮੈਂ ਉਸ ਦੀ ਸੰਗਤ ਕਰਨੋਂ ਹੰਭਦਾ ਨਹੀਂ। ਰਵਿਦਾਸ ਜੀ ਆਖਦੇ ਹਨ, ਮੈਂ ਹੁਣ ਕਿਸ ਤਰ੍ਹਾਂ ਕਰਾਂ? |
| ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ॥ | Except God,s protection, whose else should I have. | ਵਾਹਿਗੁਰੂ ਦੀ ਪਨਾਹ ਦੇ ਬਗੈਰ, ਮੈਂ ਹੋਰ ਕੀਹਦੀ ਪਨਾਹ ਲਵਾਂ। |

# ਵਿਸ਼ਵ ਸੰਗੀਤਕਾਰ

## ਡਿਊਰੈਟ, ਫ੍ਰਾਂਸਿਸਕੋ

ਇਹ ਇਟਲੀ ਦਾ ਇਕ ਉੱਘਾ ਧਾਰਮਿਕ ਸੰਗੀਤ ਰਚਨ ਹਾਰਾ ਅਤੇ ਸੰਗੀਤ ਸਿੱਖਿਅਕ ਸੀ। ਇਸ ਦਾ ਜਨਮ ਨੇਪਲਜ਼ ਵਿਚ 31 ਮਾਰਚ, 1684 ਨੂੰ ਹੋਇਆ। ਇਸ ਨੇ ਰੋਮ ਵਿਚ ਅਤੇ ਸ਼ਾਇਦ ਨੇਪਲਜ਼ ਵਿਖੇ ਵੀ ਵਿੱਦਿਆ ਪ੍ਰਾਪਤ ਕੀਤੀ। ਸੰਨ 1710 ਵਿਚ ਇਹ ਸੈਨ ਆਨੱਫ੍ਰਾਈਓ ਕੰਜ਼ਰਵੇਟਰੀ ਵਿਚ ਪੜ੍ਹਾਉਣ ਲੱਗ ਪਿਆ। ਇਹ ਕਈ ਵੱਖ ਵੱਖ ਥਾਵਾਂ ਤੇ ਸੰਗੀਤ ਦੀ ਸਿੱਖਿਆ ਦਿੰਦਾ ਰਿਹਾ। ਸੰਨ 1745 ਵਿਚ ਇਹ ਸੈਨ ਆਨੱਫ੍ਰਾਈਓ ਦਾ ਪ੍ਰਿੰਸੀਪਲ ਲੱਗਾ। ਇਸ ਦੀਆਂ ਸੰਗੀਤ ਰਚਨਾਵਾਂ ਵਿਚ ਸ਼ਬਦ, ਪੂਜਾ, ਸਮਾਰੋਹ, ਧਾਰਮਕ ਗੀਤ ਅਤੇ ਤਾਰਾਂ ਦੇ ਸੰਗੀਤ ਦੀ ਸੈਟਿੰਗ ਆਦਿ ਸ਼ਾਮਿਲ ਹਨ।

ਇਸ ਦੀ ਮੌਤ 13 ਅਗਸਤ, 1755 ਨੂੰ ਨੇਪਲਜ਼ ਵਿਖੇ ਹੋਈ।

## ਡਿਬਡਿਨ, ਚਾਰਲਸ

ਇਸ ਅੰਗਰੇਜ਼ ਨਾਟਕਕਾਰ, ਅਦਾਕਾਰ ਅਤੇ ਸੰਗੀਤਕਾਰ ਦਾ ਜਨਮ ਇੰਗਲੈਂਡ ਵਿਚ, ਸਾਊਥੈਂਪਟਨ ਵਿਖੇ ਹੋਇਆ। 4 ਮਾਰਚ, 1745 ਨੂੰ ਇਸ ਨੂੰ ਬਪਤਿਸਮਾ ਮਿਲਿਆ। ਸਮੁੰਦਰ ਬਾਰੇ ਲਿਖੀਆਂ ਆਪਣੀਆਂ ਕਵਿਤਾਵਾਂ ਅਤੇ ਓਪੇਰਿਆਂ ਕਾਰਨ 18ਵੀਂ ਸਦੀ ਦੇ ਅੰਤ ਵਿਚ ਇਹ ਸੰਗੀਤਕਾਰ ਵਜੋਂ ਬਹੁਤ ਪ੍ਰਸਿੱਧ ਹੋਇਆ। 15 ਸਾਲ ਦੀ ਉਮਰ ਵਿਚ ਇਸ ਨੇ ਲੰਡਨ ਵਿਖੇ ਇਕ ਸੰਗੀਤ-ਪ੍ਰਕਾਸ਼ਕ ਕੋਲ ਕੰਮ ਕੀਤਾ ਅਤੇ 1762 ਈ. ਵਿਚ ਇਸ ਨੇ ਆਪਣਾ ਸਟੇਜੀ ਜੀਵਨ ਸ਼ੁਰੂ ਕੀਤਾ। ਇਸ ਨੇ ਕਈ ਨਾਟਕਾਂ ਵਿਚ ਅਦਾਕਾਰੀ ਵੀ ਕੀਤੀ।

ਡਿਬਡਿਨ ਇਕ ਸਵੈ-ਸਿੱਖਿਅਕ ਸੰਗੀਤਕਾਰ ਸੀ ਅਤੇ ਇਸ ਨੇ ਤਕਰੀਬਨ 100 ਸਟੇਜੀ ਕਿਰਤਾਂ ਅਤੇ 1400 ਦੇ ਲਗਭਗ ਗੀਤ ਲਿਖੇ। ਤਕਰੀਬਨ 50 ਸਾਲ ਤੱਕ ਇਹ ਲੰਡਨ ਦੀ ਸਟੇਜ ਨਾਲ ਲੇਖਕ, ਸੰਗੀਤਕਾਰ ਅਤੇ ਨਿਰਮਾਤਾ ਵਜੋਂ ਜੁੜਿਆ ਰਿਹਾ। ਚਾਰ ਜਿਲਦਾਂ ਵਿਚ ਇਸ ਨੇ ਆਪਣੀ ਸਵੈ-ਜੀਵਨੀ 'ਪ੍ਰੋਫੈਸ਼ਨਲ ਲਾਈਫ' (1803) ਪ੍ਰਕਾਸ਼ਿਤ ਕੀਤੀ।

'ਬਲੋ ਹਾਈ ਬਲੋ ਲੋ', 'ਪੁਅਰ ਜੈਕ' ਅਤੇ 'ਟੂ ਬੈਚਲਰਜ਼ ਹਾਲ' ਆਦਿ ਇਸ ਦੇ ਕੁਝ ਪ੍ਰਸਿੱਧ ਗੀਤ ਹਨ। 'ਦੀ ਸ਼ੈਪਰਡਜ਼ ਅਫਰੀਕਾ' (1764), 'ਦੀ ਵਾਟਰਮੈਨ' (1774) ਅਤੇ 'ਦੀ ਕਵੇਕਰ' (1775) ਆਦਿ ਇਸ ਦੇ ਓਪੇਰੇ ਅਤੇ 'ਦੀ ਯੰਗਰ ਬ੍ਰਦਰ' (1793) ਤੇ 'ਹੰਨਾ ਹਿਊਇਟ' (1796) ਦੋ ਨਾਵਲ ਹਨ। ਇਸ ਤੋਂ ਇਲਾਵਾ ਡਿਬਡਿਨ ਨੇ 5 ਜਿਲਦਾਂ ਵਿਚ 'ਹਿਸਟਰੀ ਆਫ ਦੀ ਸਟੇਜ' (1800) ਵੀ ਲਿਖੀ।

25 ਜੁਲਾਈ, 1814 ਨੂੰ ਲੰਡਨ ਵਿਖੇ ਇਸਦੀ ਮੌਤ ਹੋ ਗਈ।

## ਡੀਰਿੰਗ, ਰਿਚਰਡ

ਇਸ ਅੰਗਰੇਜ਼ ਆਰੱਗਨਵਾਦਕ ਅਤੇ ਸੰਗੀਤਕਾਰ ਦਾ ਜਨਮ ਲ. 1580 ਈ. ਵਿਚ ਕੈਂਟ ਵਿਖੇ ਹੋਇਆ। ਇਹ ਵਧੇਰੇ ਕਰਕੇ ਆਪਣੇ ਸੁਰ ਸੰਗੀਤ ਕਾਰਨ ਬਹੁਤ ਪ੍ਰਸਿੱਧ ਹੋਇਆ। ਸੰਨ 1619 ਵਿਚ ਇਸ ਨੇ ਆੱਕਸਫੋਰਡ ਤੋਂ ਸੰਗੀਤ ਦੀ ਡਿਗਰੀ ਲਈ ਅਤੇ 1612 ਈ. ਵਿਚ ਇਟਲੀ ਦਾ ਦੌਰਾ ਕੀਤਾ, ਸੰਨ 1617 ਵਿਚ ਇਹ ਬ੍ਰਸਲਜ਼ ਦੇ ਇਕ ਕਾਨਵੈਂਟ ਦਾ ਅੱਰਗਨਵਾਦਕ ਨਿਯੁਕਤ ਹੋਇਆ। ਇਹ ਚਾਰਲਸ ਪਹਿਲੇ ਦਾ ਵੀਣਾ-ਵਾਦਕ ਅਤੇ ਗਾਇਕ ਵੀ ਰਿਹਾ ਸੀ। ਇਸਦਾ ਸੰਗੀਤ ਇਸਦੀ ਮੌਤ ਤੋਂ ਬਾਅਦ ਤੱਕ ਲੋਕਪ੍ਰਿਯ ਰਿਹਾ। ਇਸਦੀਆਂ ਕ੍ਰਿਤਾਂ ਵਿਚ ਭਜਨ, ਸਾਜ਼-ਸੰਗੀਤ, ਪ੍ਰੀਤ-ਗੀਤ ਅਤੇ ਚਰਚ ਸੰਗੀਤ ਆਦਿ ਸ਼ਾਮਲ ਹਨ।

22 ਮਾਰਚ, 1630 ਨੂੰ ਇਸ ਨੂੰ ਲੰਡਨ ਵਿਖੇ ਦਫਨਾਇਆ ਗਿਆ।

*(ਪੰਜਾਬੀ ਵਿਸ਼ਵ ਕੋਸ਼ ਤੋਂ ਧੰਨਵਾਦ ਸਹਿਤ)*